Fair Advice Financial | Carte Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 21* Issue 18 | Wednesday, January 26, 2022 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਮਿਸੀਸਾਗਾ ਵਿੱਚ ਛੁਰੇਬਾਜ਼ੀ ਕਾਰਨ ਇੱਕ ਵਿਅਕਤੀ ਦੀ ਹੋਈ ਮੌਤ

ਮਿਸੀਸਾਗਾ, 25 ਜਨਵਰੀ (ਪੋਸਟ ਬਿਊਰੋ) : ਮਿਸੀਸਾਗਾ ਵਿੱਚ ਛੁਰੇਬਾਜ਼ੀ ਕਾਰਨ ਇੱਕ ਵਿਅਕਤੀ ਦੀ ਮੌਤ ਹੋ ਗਈ। ਪੀਲ ਰੀਜਨਲ ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਇਹ ਘਟਨਾ ਕਿਊ ਈ ਡਬਲਿਊ ਦੇ ਪੱਛਮ ਵੱਲ ਐਰਿਨ ਮਿੱਲਜ਼ ਪਾਰਕਵੇਅ ਤੇ ਫਾਊਲਰ ਡਰਾਈਵ ਏਰੀਆ ਵਿੱਚ ਸ਼ਾਮੀਂ 6:30 ਵਜੇ ਵਾਪਰੀ। 41 ਸਾਲਾ ਵਿਅਕਤੀ ਨੂੰ ਗੰਭੀਰ ਜ਼ਖ਼ਮੀ ਹਾਲਤ ਵਿੱਚ ਟਰੌਮਾ ਸੈਂਟਰ ਲਿਜਾਇਆ ਗਿਆ ਜਿੱਥੇ ਬਾਅਦ ਵਿੱਚ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ।

ਘਟਨਾ ਨੂੰ ਅੰਜਾਮ ਦੇਣ ਤੋਂ ਬਾਅਦ ਮੌਕੇ ਤੋਂ ਫਰਾਰ ਹੋਏ ਮਸ਼ਕੂਕ ਦੀ ਪੁਲਿਸ ਅਧਿਕਾਰੀਆਂ ਵੱਲੋਂ ਭਾਲ ਕੀਤੀ ਜਾ ਰਹੀ ਹੈ। ਪੀਲ ਦੀ ਹੋਮੀਸਾਈਡ ਯੂਨਿਟ ਵੱਲੋਂ ਮਾਮਲੇ ਦੀ ਜਾਂਚ ਆਪਣੇ ਹੱਥ ਲਈ ਜਾਵੇਗੀ। ਅਜੇ ਤੱਕ ਮਸ਼ਕੂਕ ਦਾ ਕੋਈ ਵੇਰਵਾ ਜਾਰੀ ਨਹੀਂ ਕੀਤਾ ਗਿਆ ਹੈ।

## ਪ੍ਰੋਵਿੰਸ ਦੇ ਮਾਸਕ ਸਬੰਧੀ ਨਿਯਮਾਂ ਵਿਚ ਨੇੜ ਭਵਿੱਖ ਵਿਚ ਕੋਈ ਤਬਦੀਲੀ ਨਹੀਂ ਹੋਣ ਵਾਲੀ : ਫੋਰਡ

ਓਨਟਾਰੀਓ, 25 ਜਨਵਰੀ (ਪੋਸਟ ਬਿਊਰੋ) : ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਨਹੀਂ ਲੱਗਦਾ ਕਿ ਪ੍ਰੋਵਿੰਸ ਦੇ ਮਾਸਕ ਸਬੰਧੀ ਨਿਯਮਾਂ ਵਿੱਚ ਨੇੜ ਭਵਿੱਖ ਵਿੱਚ ਕੋਈ ਤਬਦੀਲੀ ਹੋਣ ਵਾਲੀ ਹੈ।



ਇੱਕ ਇੰਟਰਵਿਊ ਦੌਰਾਨ ਜਦੋਂ ਫੋਰਡ ਤੋਂ ਜਲਦ ਹੀ ਕੋਵਿਡ-19 ਪਾਬੰਦੀਆਂ ਵਿੱਚ ਢਿੱਲ ਦੇਣ ਬਾਰੇ ਉਨ੍ਹਾਂ ਦੇ ਦਿੱਤੇ ਬਿਆਨ ਸਬੰਧੀ ਪੁੱਛਿਆ ਗਿਆ ਤਾਂ ਉਨ੍ਹਾਂ ਆਖਿਆ ਕਿ ਉਹ ਇਸ ਤਰ੍ਹਾਂ ਕਾਰੋਬਾਰਾਂ ਨੂੰ ਬੰਦ ਕਰਨ ਦੇ ਹੱਕ ਵਿੱਚ ਨਹੀਂ ਹਨ ਤੇ ਉਹ ਨੌਰਮਲ ਹਾਲਾਤ ਵੱਲ ਮੁੜਨਾ ਚਾਹੁੰਦੇ ਹਨ। ਉਨ੍ਹਾਂ ਆਖਿਆ ਕਿ ਉਹ ਇਹ ਸਾਰਾ ਕੁੱਝ ਸਹੀ ਢੰਗ ਨਾਲ ਤੇ ਸਾਵਧਾਨੀ ਨਾਲ ਕਰਨਾ ਚਾਹੁੰਦੇ ਹਨ। ਇਸੇ ਲਈ ਹਰ ਇੱਕ ਰੀਓਪਨਿੰਗ ਫੇਜ਼ ਦਰਮਿਆਨ ਘੱਟੋ ਘੱਟ 21 ਦਿਨਾਂ ਦਾ ਫਾਸਲਾ ਰੱਖਿਆ ਜਾਵੇਗਾ।

ਇਹ ਪੁੱਛੇ ਜਾਣ ਉੱਤੇ ਕਿ ਕੀ ਮਾਸਕ ਸਬੰਧੀ ਨਿਯਮਾਂ ਵਿੱਚ ਵੀ ਕੋਈ ਢਿੱਲ ਦਿੱਤੀ ਜਾਵੇਗੀ ਤਾਂ ਫੋਰਡ ਨੇ ਆਖਿਆ ਕਿ ਹਾਲ ਦੀ ਘੜੀ ਅਜਿਹਾ ਕਰਨ ਦਾ ਉਨ੍ਹਾਂ ਦਾ ਕੋਈ ਇਰਾਦਾ ਨਹੀਂ। ਉਨ੍ਹਾਂ ਆਖਿਆ ਕਿ ਮਾਸਕ ਸੱਚਮੁੱਚ ਲੋਕਾਂ ਦੀ ਹਿਫਾਜ਼ਤ ਕਰਦੇ ਹਨ ਫਿਰ ਭਾਵੇਂ ਇਸ ਨਿਯਮ ਨੂੰ ਹਮੇਸ਼ਾਂ ਲਈ ਨਹੀਂ ਰੱਖਿਆ ਜਾ ਸਕਦਾ।

ਇੱਥੇ ਦੱਸਣਾ ਬਣਦਾ ਹੈ ਕਿ ਰੈਸਟੋਰੈਂਟ,ਜਿੰਮ ਤੇ ਸਿਨੇਮਾ 31 ਜਨਵਰੀ ਤੱਕ ਖੁੱਲ੍ਹਣ ਜਾ ਰਹੇ ਹਨ। ਫੋਰਡ ਮਾਰਚ ਦੇ ਮੱਧ ਤੱਕ ਅਜਿਹੇ ਸਾਰੇ ਕਾਰੋਬਾਰਾਂ ਤੋਂ ਪਾਬੰਦੀਆਂ ਹਟਾਉਣ ਦਾ ਇਰਾਦਾ ਰੱਖਦੇ ਹਨ।

## ਪੁਰਾਣੇ ਰੈਜ਼ੀਡੈਂਸ਼ੀਅਲ ਸਕੂਲ ਦੀ ਸਾਈਟ ਤੋਂ ਮਿਲੀਆਂ 93 ਕਬਰਾਂ

ਬ੍ਰਿਟਿਸ਼ ਕੋਲੰਬੀਆ, 25 ਜਨਵਰੀ (ਪੋਸਟ ਬਿਊਰੋ) : ਪੁਰਾਣੇ ਰੈਜ਼ੀਡੈਂਸ਼ੀਅਲ ਸਕੂਲ ਵਾਲੀ ਸਾਈਟ ਤੋਂ 93 ਸੰਭਾਵੀ ਕਬਰਾਂ ਮਿਲਣ ਦਾ ਬ੍ਰਿਟਿਸ਼ ਕੋਲੰਬੀਆ ਫਰਸਟ ਨੇਸ਼ਨ ਵੱਲੋਂ ਐਲਾਨ ਕੀਤਾ ਗਿਆ।




ਵਿਲੀਅਮਜ਼ ਲੇਕ ਫਰਸਟ ਨੇਸ਼ਨ ਅਨੁਸਾਰ ਪਿੱਛੇ ਜਿਹੇ ਕਰਵਾਏ ਗਏ ਸਰਵੇਖਣ ਦੌਰਾਨ ਜ਼ਮੀਨ ਭੇਦੀ ਰਡਾਰ ਦੀ ਵਰਤੋਂ ਦੌਰਾਨ ਇਨ੍ਹਾਂ ਕਬਰਾਂ ਦੀ ਹੋਂਦ ਦਾ ਪਤਾ ਚੱਲਿਆ। ਵਿਲੀਅਮਜ਼ ਲੇਕ ਫਰਸਟ ਨੇਸ਼ਨ ਦੇ ਚੀਫ ਵਿਲੀ ਸੈਲਾਰਜ਼ ਨੇ ਇੱਕ ਪ੍ਰੈੱਸ ਕਾਨਫਰੰਸ ਦੌਰਾਨ ਆਖਿਆ ਕਿ ਕਈ ਦਹਾਕਿਆਂ ਤੱਕ ਸਾਨੂੰ ਸੇਂਟ ਜੋਸਫ ਮਿਸ਼ਨ ਵਿਖੇ ਬੱਚਿਆਂ ਨੂੰ ਅੱਖੋਂ ਪਰਖੇ ਕੀਤੇ ਜਾਣ ਤੇ ਉਨ੍ਹਾਂ ਨਾਲ ਕੀਤੇ ਜਾਣ ਵਾਲੇ ਸ਼ੋਸ਼ਣ ਦੀਆਂ ਖਬਰਾਂ ਮਿਲਦੀਆਂ ਰਹੀਆਂ। ਇਸ ਦੌਰਾਨ ਸਾਨੂੰ ਕਈ ਬੱਚਿਆਂ ਦੇ ਮਰਨ ਜਾਂ ਗਾਇਬ ਹੋਣ ਦੀਆਂ ਖਬਰਾਂ ਵੀ ਮਿਲੀਆਂ।

ਇਹ ਰੈਜ਼ੀਡੈਂਸ਼ੀਅਲ ਸਕੂਲ ਵਿਲੀਅਮਜ਼ ਲੇਕ ਦਰਮਿਆਨ 1891 ਤੇ 1981 ਦਰਮਿਆਨ ਚਲਾਇਆ ਗਿਆ। ਪਰ ਬਾਅਦ ਵਿੱਚ ਇਸ ਦੇ ਬਹੁਤੇ ਹਿੱਸੇ ਨੂੰ ਢਾਅ ਦਿੱਤਾ ਗਿਆ। ਕਬਰਾਂ ਮਿਲਣ ਦੀਆਂ ਇਨ੍ਹਾਂ ਲੱਭਤਾਂ ਨੂੰ ਮੁੱਢਲੀ ਜਾਣਕਾਰੀ ਹੀ ਮੰਨਿਆ ਜਾ ਰਿਹਾ ਹੈ। ਜਾਂਚ ਅੱਗੇ ਵਧਣ ਨਾਲ ਇਸ ਦੇ ਹੋਰ ਪੱਖ ਵੀ ਸਾਹਮਣੇ ਆਉਣਗੇ। ਅਜੇ ਤੱਕ 470 ਹੈਕਟੇਅਰ ਵਿੱਚੋਂ 14 ਹੈਕਟੇਅਰ ਪ੍ਰਾਪਰਟੀ ਹੀ ਛਾਣੀ ਗਈ ਹੈ।

## ਘਰੇਲੂ ਝਗੜੇ ਕਾਰਨ ਇੱਕ ਵਿਅਕਤੀ ਦੀ ਹੋਈ ਮੌਤ, ਮਹਿਲਾ ਗ੍ਰਿਫਤਾਰ

ਮਾਰਖਮ, 25 ਜਨਵਰੀ (ਪੋਸਟ ਬਿਊਰੋ) : ਮਾਰਖਮ ਦੇ ਇੱਕ ਘਰ ਵਿੱਚ ਘਰੇਲੂ ਝਗੜੇ ਤੋਂ ਬਾਅਦ ਇੱਕ ਵਿਅਕਤੀ ਦੀ ਮੌਤ ਹੋ ਗਈ ਤੇ ਇੱਕ ਮਹਿਲਾ ਨੂੰ ਗ੍ਰਿਫਤਾਰ ਕਰ ਲਿਆ ਗਿਆ।



ਸੋਮਵਾਰ ਨੂੰ ਸ਼ਾਮੀਂ 6:30 ਵਜੇ ਇੱਕ ਵਿਅਕਤੀ ਉੱਤੇ ਚਾਕੂ ਨਾਲ ਹਮਲਾ ਕੀਤੇ ਜਾਣ ਦੀ ਰਿਪੋਰਟ ਦੇ ਕੇ ਯੌਰਕ ਰੀਜਨਲ ਪੁਲਿਸ ਨੂੰ ਯੰਗ ਸਟਰੀਟ ਤੇ ਸਿਬੇਰਾਸ ਰੋਡ ਏਰੀਆ ਵਿੱਚ ਫਰੈਂਡ ਵਾਰਲੇ ਡਰਾਈਵ ਸਥਿਤ ਘਰ ਵਿੱਚ ਸੱਦਿਆ ਗਿਆ। ਇਸ ਘਰ ਤੋਂ 31 ਸਾਲਾ ਵਿਅਕਤੀ ਨੂੰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ, ਜਿੱਥੇ ਬਾਅਦ ਵਿੱਚ ਉਸ ਦੀ ਮੌਤ ਹੋ ਗਈ। ਇਸ ਦੌਰਾਨ ਇਸੇ ਘਰ ਤੋਂ 33 ਸਾਲਾ ਮਹਿਲਾ ਨੂੰ ਗ੍ਰਿਫਤਾਰ ਕੀਤਾ ਗਿਆ ਤੇ ਉਸ ਉੱਤੇ ਸੈਕਿੰਡ ਡਿਗਰੀ ਮਰਡਰ ਦੇ ਚਾਰਜਿਜ਼ ਲਾਏ ਗਏ।

ਪੁਲਿਸ ਨੇ ਦੱਸਿਆ ਕਿ ਘਟਨਾ ਸਮੇਂ ਪਰਿਵਾਰ ਦੇ ਨਿੱਕੇ ਮੈਂਬਰ ਦੇ ਘਰ ਵਿੱਚ ਹੋਣ ਕਾਰਨ ਮਰਨ ਵਾਲੇ ਤੇ ਗ੍ਰਿਫਤਾਰ ਕੀਤੀ ਗਈ ਮਹਿਲਾ ਦੇ ਨਾਂ ਜਾਰੀ ਨਹੀਂ ਕੀਤੇ ਗਏ।

## ਹਾਈ ਕੋਰਟ ਨੇ ਮਜੀਠੀਆ ਨੂੰ ਤਿੰਨ ਦਿਨ ਗ੍ਰਿਫਤਾਰ ਕਰਨ ਤੋਂ ਪੁਲਿਸ ਨੂੰ ਰੋਕਿਆ

* ਸੁਪਰੀਮ ਕੋਰਟ ਵਿੱਚ ਜਾਣ ਲਈ ਸਮਾਂ ਦਿੱਤਾ ਗਿਆ

ਚੰਡੀਗੜ੍ਹ, 25 ਜਨਵਰੀ, (ਪੋਸਟ ਬਿਊਰੋ)-ਐਨਡੀਪੀਐਸ (ਨਸ਼ੀਲੇ ਪਦਾਰਥਾਂ ਦੇ ਧੰਦੇ ਬਾਰੇ ਕਾਨੂੰਨ) ਦੇ ਕੇਸ ਵਿੱਚ ਫਸੇ ਹੋਏ ਸੀਨੀਅਰ ਅਕਾਲੀ ਆਗੂ ਤੇ ਪੰਜਾਬ ਦੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਦੀ ਅਗਾਊਂ ਜ਼ਮਾਨਤ ਦੀ ਅਰਜ਼ੀ ਭਾਵੇਂ ਹਾਈ ਕੋਰਟ ਨੇ ਸੋਮਵਾਰ ਨੂੰ ਰੱਦ ਕਰ ਦਿੱਤੀ ਸੀ, ਪਰ ਨਾਲ ਉਨ੍ਹਾਂ ਨੂੰ ਤਿੰਨ ਦਿਨ ਗ੍ਰਿਫ਼ਤਾਰ ਨਾ ਕਰਨ ਦੇ ਹੁਕਮ ਦਿੱਤੇ ਸਨ। ਬਿਕਰਮ ਸਿੰਘ ਮਜੀਠੀਆ ਦੇ ਵਕੀਲ ਨੇ ਉਨ੍ਹਾਂ ਨੂੰ ਸੱਤ ਦਿਨ ਗ੍ਰਿਫ਼ਤਾਰ ਨਾ ਕਰਨ ਦੀ ਮੰਗ ਕੀਤੀ ਤੇ ਕਿਹਾ ਸੀ ਕਿ ਜਦੋਂ ਤਕ ਸੁਪਰੀਮ



ਕੋਰਟ ਵਿੱਚ ਉਨ੍ਹਾਂ ਦੀ ਅਪੀਲ ਪੇਸ਼ ਨਾਹੋਵੇ, ਉਦੋਂ ਤਕ ਗ੍ਰਿਫ਼ਤਾਰ ਨਾ ਕੀਤਾ ਜਾਵੇ, ਪਰ ਹਾਈ ਕੋਰਟ ਨੇ ਸੱਤ ਦੀ ਬਜਾਏ ਸਿਰਫ਼ ਤਿੰਨ ਦਿਨ ਸਮਾਂ ਦਿੱਤਾ ਹੈ। ਬਿਕਰਮ ਸਿੰਘ ਮਜੀਠੀਆ ਇਸ ਸਮੇਂ ਦੌਰਾਨ ਵਿਧਾਨ ਸਭਾ ਚੋਣਾਂ ਲਈ ਆਪਣੇ ਨਾਮਜ਼ਦਗੀ ਕਾਗਜ਼ ਭਰ ਸਕਦੇ ਹਨ ਤੇ ਹਾਈ ਕੋਰਟ ਦੇ ਫੈਸਲੇ ਨੂੰ ਚੁਣੌਤੀਦੇਣ ਲਈ ਉਨ੍ਹਾਂ ਵੱਲੋਂ ਸੁਪਰੀਮ ਕੋਰਟ ਵਿੱਚ ਸਪੈਸ਼ਲ ਲੀਵ ਪਟੀਸ਼ਨ ਵੀ ਪਾਈ ਜਾ ਸਕਦੀ ਹੈ। ਵਰਨਣ ਯੋਗ ਹੈ ਕਿ ਮੋਹਾਲੀ ਪੁਲਿਸ ਨੇ ਅੱਜ ਮੰਗਲਵਾਰ ਸਵੇਰੇ ਅੰਮ੍ਰਿਤਸਰ ਵਿੱਚਬਿਕਰਮ ਸਿੰਘ ਮਜੀਠੀਆ ਦੇ ਘਰ ਛਾਪਾ ਮਾਰਿਆ ਤੇ ਪੁਲਿਸ ਕਰੀਬ 50 ਮਿੰਟ ਕੋਠੀ ਵਿੱਚ ਰਹਿ ਕੇ ਬਾਰੀਕੀ ਨਾਲ ਸਾਰੀ ਕੋਠੀ ਦੀ ਤਲਾਸ਼ੀ ਲਈ ਸੀ,

...ਬਾਕੀ ਪੰਨਾ 6 'ਤੇ

Best Insurance Rates
Life Auto Home Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Axael Insurance Brokers Ltd.
1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
Life Insurance · Critical illness Ins · Travel & Visitor Ins · RESP & TFSA & RRSP
Super Visa Insurance · Mortgage Insurance · Disability Insurance · Funeral Insurance
SIMRAN SAINI 416.994.7272
www.allkindinsurance.com

INSURANCE
Home · Auto · Business · Trucking · Life Insurance · Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Axael InsuranceBrokers Ltd. 1332 Khalsa Dr, Unit # 11, Mississauga, ON L5S 0A2

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licensed Exterminator

Law Office of Aman Sharma
Real Estate · Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma
Open Saturday
Providing excellent quality legal services to our clients

KELLEY LAW OFFICE
Immigration · Real Estate · Family Law · Business Closing · Corporate · Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

Royal Pest Control
Residential Commercial Industrial
Specialist in Bedbugs Service
All Pest Control :
Mouse & Rats · Spiders & Fleas · Bedbugs · Wasps · Cockroaches · Carpenter Ants · Silver Fish · Racoons
Call : PARESH PATEL
416 938 4598

Locations: Woodbridge, Mississauga, Scarborough
YES! Immigration
Yes we can...
Celebrating 16 Years
16 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਇਮਿਗਰੇਸ਼ਨ ਸੇਵਾਵਾਂ 10-20% Discount
ICCRC Raj Narang Ritu Narang
ਕੈਨੇਡਾ ਦੇ ਵੀਜ਼ਾ ਵਾਸਤੇ ਅੱਜ ਹੀ ਸੰਪਰਕ ਕਰੋ:
(416)740-6969
(647)616-1020

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance · Mortgage Insurance · Life Insurance · Visitor & Travel Insurance · RESP(Education Plan) · Critical Illness Insurance
RANJIT GILL Insurance Advisor
416-724-5000

ROYAL STAR Realty Inc. Brokerage
Off: 905-793-1111 Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

Dubai Jewellers
10% additional discount on gold and upto 50% on diamond.
Gift Prize with Every Purchase
* Repair at no extra cost
* Appraisal Certificate
* Buy, Sell, Trade
Tuesday to Sunday (12-8) (Monday Closed)
ਨਵੇਂ ਬਣੇ ਪਲਾਜ਼ਾ ਦੇ ਵਿਚ
2700 Northpark Drive Unit #19, Brampton Ontario L6S 0E9
North Park & Airport Major Intersection
Raj & Gulshan Mob: 416-465-1200
www.dubaijewellers.ca info@dubaijewellers.ca

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com


Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types · Walkie pallet Low Lift · Electric Motor Narrow Aisle Reach · Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Avon Financial Inc.
Cell: 416-841-4218 Tel: 905-216-5563
Harpreet Singh Goraya Principal Broker
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
Real Estate Law · Business Law · Wills & Estates · Family Law · Power of Attorney · Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
1083
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK,
TEXT & DATA PLAN
$25/mo.
1 Promenade Circle, Thornhill
379 Main St. North, Brampton
2456 Lake Shore Blvd West, Etobicoke
chatr™
AUTHORIZED DEALER
Offer subject to change without notice. Get up to 500MB of data on the Talk, Text and Data Plan. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2022

# ਭਾਜਪਾ ਵਿੱਚ ਗਏ ਸਿੱਖਾਂ ਵਿਰੁੱਧ ਸ਼ੋ੍ਰਮਣੀ ਕਮੇਟੀ ਪ੍ਰਧਾਨ ਦੇ ਬਿਆਨ ਦੀ ਸ਼ਿਕਾਇਤ ਅਕਾਲ ਤਖ਼ਤ ਪੁੱਜੀ

ਅੰਮ੍ਰਿਤਸਰ, 25 ਜਨਵਰੀ, (ਪੋਸਟ ਬਿਊਰੋ)-ਭਾਜਪਾ ਵਿੱਚ ਜਾਣ ਵਾਲੇ ਸਿੱਖਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰ-ਦਰ ਸਿੰਘ ਧਾਮੀ ਵੱਲੋਂ ਗੁਰੂ ਸਾਹਿਬ ਨੂੰ ਬੇਦਾਵਾ ਦੇਣ ਵਾਲੇ ਕਹਿਣ ਦਾ ਮੁੱਦਾ ਅਕਾਲ ਤਖ਼ਤ ਸਾਹਿਬ ਵਿਖੇ ਪੁੱਜ ਗਿਆ ਹੈ। ਭਾਜਪਾ ਵਿੱਚ ਸ਼ਾਮਲ ਹੋਏ ਸਿੱਖ ਆਗੂ ਪ੍ਰੋ: ਸਰਚਾਂਦ ਸਿੰਘ ਖਿਆਲਾ ਨੇ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਇਸ ਬਾਰੇ ਪੱਤਰ ਲਿਖਿਆ ਹੈ।



ਪ੍ਰੋ: ਸਰਚਾਂਦ ਸਿੰਘ ਨੇ ਇਸ ਪੱਤਰ ਵਿੱਚ ਲਿਖਿਆ ਹੈ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵੱਲੋਂ ਕਹੀ ਬੇਦਾਵੇ ਦੀ ਗੱਲ ਨੇ ਉਨ੍ਹਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਲਾਈ ਹੈ। ਉਨ੍ਹਾਂ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਕਿਹਾ ਹੈ ਕਿ ਇਹ ਕਹਿ ਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਵੱਲੋਂ ਸਿੱਖ ਭਾਈਚਾਰੇ ਤੇ ਭਾਜਪਾ ਦਾ ਟਕਰਾਅ ਕਰਾਉਣ ਲਈ ਸਿੱਖ ਸੰਗਤਾਂ ਦੀਆਂ ਧਾਰਮਿਕ ਭਾਵਨਾਵਾਂ ਭੜਕਾਉਣ ਦੀ ਕੋਸ਼ਿਸ਼ ਦਾ ਨੋਟਿਸ ਲੈਣ। ਉਨ੍ਹਾਂ ਭਾਜਪਾ ਵਿੱਚ ਗਏ ਸਿੱਖਾਂ ਬਾਰੇ ਗ਼ਲਤ ਬਿਆਨ ਰੋਕਣ ਦੀ ਅਪੀਲ ਨਾਲ ਕਿਹਾ ਕਿ ਕਿਸੇ ਸਿੱਖ ਦੇ ਭਾਜਪਾ ਵਿੱਚਜਾਣ ਨਾਲ ਕਿਸੇ ਰਹਿਤ ਮਰਯਾਦਾ ਦਾ ਖੰਡਨ ਨਹੀਂ ਹੁੰਦਾ ਤੇ ਨਾ ਇਹ ਗੁਰੂ ਵੱਲੋਂ ਬੇਮੁੱਖ ਹੋ ਕੇ ਧਰਮ ਤਬਦੀਲੀ ਦਾ ਕੇਸ ਹੈ, ਜਿਸ ਨੂੰ ਬੇਦ-ਾਵਾ ਕਿਹਾ ਜਾਵੇ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੇ ਦੋ ਦਹਾਕੇ ਤੋਂ ਵੱਧ ਸਮਾਂ ਭਾਰਤੀ ਜਨਤਾ ਪਾਰਟੀ ਨਾਲ ਹਰ ਸਾਂਝ ਰੱਖੀ ਸੀ, ਕੀ ਉਸ ਨੂੰ ਵੀ ਬੇਦਾਵਾ ਕਿਹਾ ਜਾਵੇਗਾ? ਉਨ੍ਹਾਂ ਕਿਹਾ ਕਿ ਜੇ ਉਹ ਬੇਦਾਵਾ ਸੀ ਤਾਂ ਦੱਸਿਆ ਜਾਵੇ ਕਿ ਇਹ ਬੇਦਾਵਾ ਕਿਹੜੀ ਕੁਰਬਾਨੀ ਕਰ ਕੇ ਜਾਂ ਲਹੂ ਡੋਲ੍ਹ ਕੇ ਕਿਸ ਦੀ ਪਾਵਨ ਗੋਦ ਵਿੱਚ ਸੀਸ ਰੱਖ ਕੇ ਪੜਵਾਇਆ ਸੀ। ਉਨ੍ਹਾਂ ਸਵਾਲ ਕੀਤਾ ਕਿ ਸ੍ਰੀ ਦਰਬਾਰ ਸਾਹਿਬ ਉੱਤੇ ਤੋਪਾਂ-ਟੈਂਕਾਂ ਨਾਲ ਹਮਲਾ ਕਰ ਕੇ ਹਜ਼ਾਰਾਂ ਸ਼ਰਧਾਲੂਆਂ ਨੂੰ ਸ਼ਹੀਦ ਕਰਨ ਤੇ 84 ਦੌਰਾਨ ਸਿੱਖਾਂ ਦੀ ਨਸਲਕੁਸ਼ੀ ਕਰਨ ਵਾਲੀ ਕਾਂਗਰਸ ਅਤੇ ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਵੱਲੋਂ ‘ਤੁਝੇ ਸਿੱਖੀ ਸੇ ਨਿਕਾਲ ਦੇਤੇ ਤੋ ਕਿਆ ਹੋ ਜਾਤਾ’ ਕਹਿਣ ਦੇ ਖਿਲਾਫ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕੁਝ ਵੀ ਨਹੀਂ ਕਿਹਾ। ਉਨ੍ਹਾਂ ਪੁੱਛਿਆ ਕਿ ਕੀ ਸ਼੍ਰੋਮਣੀ ਕਮੇਟੀ ਪ੍ਰਧਾਨ ਲਈ ਕੇਵਲ ਉਹ ਗੁਰਸਿੱਖ ਜਾਂ ਪੰਥਕ ਹਨ, ਜਿਨ੍ਹਾਂ ਨੇ ਰਾਮ ਰਹੀਮ ਨੂੰ ਬਿਨਾਂ ਮੰਗੀ ਮੁਆਫ਼ੀ ਦਿੱਤੀ ਤੇ ਆਪਣੇ ਕੂੜ ਨੂੰ ਸੱਚ ਸਾਬਤ ਕਰਨ ਲਈ 90 ਲੱਖ ਰੁਪਏ ਦੇ ਇਸ਼ਤਿਹਾਰ ਅਖਬਾਰਾਂ ਵਿੱਚ ਦਿੱਤੇ ਸਨ।

# ਭਗਵੰਤ ਮਾਨ ਦੀ ਕੈਪਟਨ ਨੂੰ ਚੁਣੌਤੀ: ਪਾਕਿ ਤੋਂ ਆਏ ਫੋਨ ਵਾਲੀ ਗੱਲ ਐਨੇ ਸਾਲ ਛੁਪਾ ਕੇ ਕਿਉਂ ਰੱਖੀ?

ਚੰਡੀਗੜ੍ਹ, 25 ਜਨਵਰੀ, (ਪੋਸਟ ਬਿਊਰੋ)-ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂਨੂੰ ਮੰਤਰੀ ਬਣਵਾਉਣ ਦੇ ਲਈ ਪਾਕਿਸਤਾਨ ਤੋਂ ਸਿਫ਼ਾਰਸ਼ ਆਉਣ ਬਾਰੇਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂਖੁਲਾਸੇ ਕਰਨ ਬਾਰੇ ਆਮ ਆਦਮੀ ਪਾਰਟੀ ਦੇ ਪੰਜਾਬ ਦੇ ਪ੍ਰਧਾਨ ਅਤੇ ਮੁੱਖ ਮੰਤਰੀ ਅਹੁਦੇ ਦੇ ਉਮੀਦਵਾਰ ਭਗਵੰਤ ਮਾਨ ਨੇ ਕੈਪਟਨ ਉੱਤੇ ਜ਼ੋਰਦਾਰ ਹਮਲਾ ਕਰ ਕੇਪੁੱਛਿਆ ਕਿ ਜੇ ਨਵਜੋਤ ਸਿੰਘ ਸਿੱਧੂ ਨੂੰ ਮੰਤਰੀ ਬਣਾਉਣ ਲਈ ਪਾਕਿਸਤਾਨ ਤੋਂ ਉਨ੍ਹਾਂ ਨੂੰ ਫ਼ੋਨ ਅਤੇ ਮੈਸੇਜ਼ ਆਏ ਸਨ ਤਾਂ ਐਨੇ ਸਾਲ ਕੈਪਟਨ ਨੇ ਇਹ ਗੱਲਛੁਪਾ ਕੇ ਕਿਉਂ ਰੱਖੀ? ਕੀ ਪਾਕਿਸਤਾਨ ਦੇ ਕਹਿਣ ਉੱਤੇ ਹੀ ਉਹ ਨਵਜੋਤ ਸਿੰਘ ਸਿੱਧੂ ਨੂੰ ਦੁਬਾਰਾ ਮੰਤਰੀ ਬਣਾਉਣ ਦੀ ਪੇਸ਼ਕਸ਼ ਕਰ ਰਹੇ ਸਨ?



ਭਗਵੰਤ ਮਾਨ ਨੇ ਨਾਂਅ ਲਏ ਬਿਨਾਂ ਕੈਪਟਨ ਅਮਰਿੰਦਰ ਸਿੰਘ ਦੀ ਅਲੋਚਨਾ ਕੀਤੀ ਅਤੇ ਕਿਹਾ ਕਿ ‘ਪਾਕਿਸਤਾਨ ਤਾਂ ਖ਼ੁਦ ਕੈਪਟਨ ਦੇ ਘਰ ਰਹਿੰਦਾ ਸੀ, ਸਿਰਫ਼ ਮੰਤਰੀ ਨਹੀਂ, ਪੰਜਾਬ ਪੁਲਸ ਦੇ ਮੁਖੀ (ਡੀਜੀਪੀ) ਅਤੇ ਚੀਫ ਸੈਕਟਰੀ ਤੱਕ ਪਾਕਿ-ਸਤਾਨ ਤੋਂ ਪੁੱਛ ਕੇ ਨਿਯੁਕਤ ਕੀਤੇ ਜਾਂਦੇ ਸਨ। ਪੰਜਾਬ ਦੇ ਸੀਨੀਅਰ ਅਫਸਰਾਂ ਤੋਂ ਕੈਪਟਨ ਅਮਰਿੰਦਰ ਸਿੰਘ ਆਪਣੇ ਸਿਸਵਾਂ ਫਾਰਮ ਹਾਊਸ ਵਿੱਚ ਲੱਗੇ ਸੀਤਾਫਲ ਅਤੇ ਚੀਕੂ ਦੀ ਰਾਖੀ ਕਰਵਾਉਂਦੇ ਸਨ।’ ਮਾਨ ਨੇ ਕਿਹਾ ਕਿ ਚੋਣਾਂ ਮੌਕੇ ਪੰਜਾਬ ਦਾ ਮਾਹੌਲ ਖ਼ਰਾਬ ਲਈ ਕੈਪਟਨ ਪਾਕਿ-ਸਤਾਨ ਦੇ ਨਾਂਅ ਦੀਆਂ ਗੱਲਾਂ ਇਸ ਲਈ ਕਰਦੇ ਹਨ ਕਿ ਉਨ੍ਹਾਂ ਕੋਲ ਅੱਜਕੱਲ੍ਹ ਬੋਲਣ ਲਈ ਕੁਝ ਬਚਿਆ ਹੀ ਨਹੀਂ।

ਕੈਪਟਨ ਅਮਰਿੰਦਰ ਸਿੰਘ ਵੱਲੋਂਭਗਵੰਤ ਮਾਨ ਨੂੰ ਕਾਮੇਡੀਅਨ ਕਹੇ ਜਾਣ ਉੱਤੇ ਮੁੜਵਾਂ ਵਾਰ ਕਰਦਿਆਂ ਭਗਵੰਤ ਮਾਨ ਨੇ ਕਿਹਾ ਕਿ ਉਹ ਜਿਸ ਨੂੰ ਕਾਮੇਡੀਅਨ ਕਹਿੰਦੇ ਹਨ, ਉਸ ਨੇ ਦੇਸ਼ ਦੀ ਪਾਰਲੀਮੈਂਟ ਵਿਚ ਪੰਜਾਬ ਦੇ ਪਾਣੀ, ਪੰਜਾਬ ਦੀ ਖੇਤੀ, ਕਿਸਾਨ, ਕੈਂਸਰ ਤੇ ਮਾਫ਼ੀਆ ਰਾਜ ਦੇ ਮੁੱਦੇ ਚੁੱਕੇ ਹਨ, ਪਰ ਕੈਪਟਨ ਪਾਰਲੀਮੈਂਟ ਮੈਂਬਰ ਸਨ ਤਾਂ ਪਾਰਲੀਮੈਂਟਵਿੱਚ ਜਾਂਦੇ ਹੀ ਨਹੀਂ ਸਨ, ਓਥੇ ਕੈਪਟਨ ਦੀ ਹਾਜ਼ਰੀ ਸਭ ਤੋਂ ਵੱਧ ਖ਼ਰਾਬ ਸੀ, ਲੋਕਾਂ ਦੀ ਆਵਾਜ਼ ਉਨ੍ਹਾਂ ਕੀ ਚੁੱਕਣੀ ਸੀ। ਮਾਨ ਦੇ ਦੋਸ਼ ਲਾਇਆ, ‘ਮੁੱਖ ਮੰਤਰੀ ਰਹਿੰਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਦੇ ਲੋਕਾਂ ਨਾਲ ਧੋਖਾ ਕੀਤਾ ਅਤੇ ਵਾਅਦੇ ਪੂਰੇ ਕਰਨ ਦੀ ਬਜਾਏ ਸਾਢੇ ਚਾਰ ਸਾਲ ਸਿਸਵਾਂ ਫਾਰਮ ਹਾਊਸ ਵਿੱਚ ਬੈਠੇ ਰਹੇ ਸਨ।’

## ਗੁਰਦੁਆਰਾ ਸਾਹਿਬ ਦੀ ਗੋਲਕ ਤੋਂ ਪੈਸੇ ਚੋਰੀ ਕਰਨ ਵਾਲਾ ਕਾਬੂ

ਭਿੰਡੀ ਸੈਦਾਂ, 25 ਜਨਵਰੀ (ਪੋਸਟ ਬਿਊਰੋ)- ਥਾਣਾ ਭਿੰਡੀ ਸੈਦਾਂ ਹੇਠ ਪਿੰਡ ਭਿੰਡੀ ਔਲਖ ਕਲਾਂ ਦੇ ਗੁਰਦੁਆਰਾ ਸਾਹਿਬ ਦੀ ਗੋਲਕ ਵਿੱਚੋਂ ਇੱਕ ਵਿਅਕਤੀ ਵੱਲੋਂ ਪੈਸੇ ਚੋਰੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ।

ਇਸ ਬਾਰੇ ਥਾਣਾ ਭਿੰਡੀ ਸੈਦਾਂ ਦੇ ਮੁੱਖ ਅਫ਼ਸਰ ਨੇ ਦੱਸਿਆ ਕਿ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਜਰਨੈਲ ਸਿੰਘ ਨੇ ਕਿਹਾ ਕਿ ਕੱਲ੍ਹ ਸ਼ਾਮ ਜਦ ਉਹ ਗੁਰਦੁ-ਆਰਾ ਸਾਹਿਬ ਵਿਖੇ ਰਹਿਰਾਸ ਸਾਹਿਬ ਦਾ ਪਾਠ ਕਰਨ ਆਇਆ ਤਾਂ ਮੇਨ ਦਰਵਾਜ਼ੇ ਦਾ ਜਿੰਦਰਾ ਟੁੱਟਿਆ ਹੋਇਆ ਸੀ। ਅੰਦਰ ਜਾ ਕੇ ਦੇਖਣ ਉੱਤੇ ਪਤਾ ਲੱਗਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੱਗੇ ਰੱਖੀ ਗੋਲਕ ਦਾ ਜਿੰਦਰਾ ਵੀ ਟੁੱਟਾ ਹੋਇਆ ਸੀ ਤੇ ਉਸ ਵਿੱਚੋਂ ਕਰੀਬ 4000 ਰੁਪਏ ਚੋਰੀ ਕੀਤੇਗਏ ਹਨ। ਇਸ ਦੀ ਪੁਲਸ ਨੇ ਜਾਂਚ ਕੀਤੀ ਤਾਂ ਸਰਪੰਚ ਜਗਦੀਸ਼ ਸਿੰਘ, ਜਿਸ ਦਾ ਘਰ ਬਿਲਕੁੱਲ ਗੁਰਦੁਆਰਾ ਸਾਹਿਬ ਦੇ ਗੁਆਂਢਹੈ, ਨੇ ਦੱਸਿਆ ਕਿ ਸ਼ਾਮ ਨੂੰ ਜਦ ਉਹ ਗੁਰਦੁਆਰਾ ਸਾਹਿਬ ਦੇ ਅੱਗੋਂ ਲੰਘ ਰਿਹਾ ਸੀ ਤਾਂ ਗੁਰਸਾਹਿਬ ਸਿੰਘ ਪੁੱਤਰ ਜੰਗ ਸਿੰਘ ਵਾਸੀ ਭਿੰਡੀ ਔਲਖ ਗੁਰਦੁਆਰਾ ਸਾਹਿਬ ਦੇ ਅੰਦਰੋਂ ਹੱਥ ਵਿੱਚ ਪੈਸੇ ਲੈ ਕੇ ਆ ਰਿਹਾ ਹੈ। ਪੁਲਸ ਨੇ ਗੁਰਸਾਹਿਬ ਸਿੰਘ ਨੂੰ ਕਾਬੂ ਕਰ ਕੇ ਪੁੱਛਗਿੱਛ ਕੀਤੀ ਤਾਂ ਉਸ ਨੇ ਚੋਰੀ ਦਾ ਜ਼ੁਰਮ ਮੰਨ ਲਿਆ। ਉਸ ਨੂੰ ਅਦਾਲਤਪੇਸ਼ ਕਰ ਕੇ ਦੋ ਦਿਨ ਦਾ ਪੁਲਸ ਰਿਮਾਂਡ ਲਿਆ ਗਿਆ ਹੈ। ਇਸ ਮਾਮਲੇ ਸਬੰਧੀ ਸੋਸ਼ਲ ਮੀਡੀਆ ਉੱਤੇ ਵਾਇਰਲ ਹੋ ਰਹੀ ਇੱਕ ਵੀਡੀਓ ਵਿੱਚ ਮੁਲਜ਼ਮ ਗੁਰਸਾਹਿਬ ਸਿੰਘ ਆਪਣੇ ਕਿਸੇ ਸਾਥੀ ਗਣੇ ਦਾ ਨਾਂ ਲੈ ਕੇ ਦੱਸਦਾ ਹੈ ਕਿ ਗਣੇ ਨੇ ਉਸ ਨੂੰ ਇੱਕ ਲੱਖ ਰੁਪਏ ਦਾ ਲਾਲਚ ਦੇ ਕੇ ਗੁਰੂ ਗ੍ਰੰਥ ਸਾਹਿਬਦੀ ਬੇਅਦਬੀ ਕਰਨ ਨੂੰ ਕਿਹਾ ਸੀ।

## ਡੇਰਾ ਸਿਰਸਾ ਵਿੱਚ ਫਿਰ ਰੌਣਕਾਂ: ਸਿਆਸੀ ਆਗੂਆਂ ਵੀ ਹਾਜ਼ਰੀ ਭਰੀ

* ਜੇਲ੍ਹ ਵਿੱਚ ਬੰਦ ਰਾਮ ਰਹੀਮ ਦੀ ਚਿੱਠੀ ਪੜ੍ਹੀ ਗਈ




ਸਲਾਬਤਪੁਰਾ, 25 ਜਨਵਰੀ, (ਪੋਸਟ ਬਿਊਰੋ)-ਡੇਰਾ ਸੱਚਾ ਸੌਦਾ ਵੱਲੋਂ ਅੱਜ ਫਿਰ ਧਾਰਮਿਕ ਪ੍ਰੋਗਰਾਮ ਕਰਾਇਆ ਜਾਣ ਨਾਲ ਇਸ ਡੇਰੇ ਦੇ ਪ੍ਰੋਗਰਾਮ ਵਿੱਚ ਵੱਡੀ ਗਿਣਤੀ ਵਿੱਚ ਸ਼ਰਧਾਲੂ ਇਕੱਠੇ ਹੋਏ। ਇਸ ਨਾਲ ਡੇਰੇ ਵਿੱਚਇੱਕ ਵਾਰ ਫਿਰ ਪੁਰਾਣੀ ਰੌਣਕ ਦੇਖਣ ਨੂੰ ਮਿਲੀ, ਜਿਸ ਵਿੱਚ ਕੁਝ ਸਿਆਸੀ ਆਗੂ ਵੀ ਸਨ।

ਅੱਜ ਮੰਗਲਵਾਰ ਨੂੰ ਇਸ ਡੇਰੇ ਵਿੱਚਹੋਏ ਪ੍ਰੋਗਰਾਮ ਦੌਰਾਨ ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਦੀ ਰੋਹਤਕ ਦੀ ਜੇਲ੍ਹ ਤੋਂ ਆਈ ਹੋਈ ਚਿੱਠੀ ਵੀ ਸਾਰਿਆਂ ਨੂੰ ਪੜ੍ਹ ਕੇ ਸੁਣਾਈ ਗਈ।ਦੱਸਿਆ ਜਾ ਰਿਹਾ ਹੈ ਕਿ ਜੇਲ੍ਹ ਤੋਂ ਰਾਮ ਰਹੀਮ ਸਿੰਘ ਦੀ ਇਹ 8ਵੀਂ ਚਿੱਠੀ ਹੈ, ਜਿਸ ਨੂੰਪ੍ਰੋਗਰਾਮ ਵਿੱਚਸਭ ਦੇ ਸਾਹਮਣੇ ਪੜ੍ਹਿਆ ਗਿਆਤੇ ਇਸ ਚਿੱਠੀ ਵਿੱਚ ਰਾਮ ਰਹੀਮ ਨੇ ਜਲਦੀ ਜੇਲ੍ਹ ਤੋਂ ਨਿਕਲ ਦੀ ਗੱਲ ਕਹੀ ਹੈ। ਇਸ ਪ੍ਰੋਗਰਾਮ ਵਿਚ ਪੰਜਾਬ, ਹਰਿਆਣਾ ਤੇ ਰਾਜਸਥਾਨ ਤੋਂ ਡੇਰਾ ਸੱਚਾ ਸੌਦਾ ਦੇ ਸ਼ਰਧਾਲੂ ਪਹੁੰਚੇ ਅਤੇ ਪੰਜਾਬ ਦੀਆਂ ਕਈ ਸਿਆਸੀ ਪਾਰਟੀਆਂ ਦੇ ਉਮੀਦਵਾਰ ਵੀ ਡੇਰਾ ਸੱਚਾ ਸੌਦਾ ਪੁੱਜੇ, ਜਿਨ੍ਹਾਂ ਵਿੱਚ ਪੰਜਾਬ ਚੋਣਾਂ ਲਈ ਸਰਦੂਲਗੜ੍ਹ ਹਲਕੇ ਤੋਂ ਭਾਜਪਾ ਦੇ ਉਮੀਦਵਾਰ ਤੇ ਪਟਿਆਲਾ ਦਿਹਾਤੀ ਦੇ ਪੰਜਾਬ ਲੋਕ ਕਾਂਗਰਸ ਦੇ ਉਮੀਦਵਾਰ ਵੀ ਸਨ ਅਤੇ ਉਨ੍ਹਾਂ ਨੇ ਏਥੇ ਆਏ ਲੋਕਾਂ ਨਾਲ ਮੁਲਾਕਾਤ ਕੀਤੀ। ਪਿਛਲੇ ਕੁਝ ਦਿਨਾਂ ਤੋਂ ਪੰਜਾਬ ਦੇ ਸਿਆਸੀ ਆਗੂ ਲਗਾਤਾਰ ਡੇਰਾ ਸੱਚਾ ਸੌਦਾ ਜਾ ਰਹੇ ਹਨ।

## ਸਿਆਸੀ ਪਾਰਟੀਆਂ ਦੇ ਮੁਫ਼ਤ ਖੋਰੇ ਐਲਾਨ: ਸੁਪਰੀਮ ਕੋਰਟ ਵੱਲੋਂ ਕੇਂਦਰ ਸਰਕਾਰ ਤੇ ਚੋਣ ਕਮਿਸ਼ਨ ਨੂੰ ਨੋਟਿਸ

ਨਵੀਂ ਦਿੱਲੀ, 25 ਜਨਵਰੀ, (ਪੋਸਟ ਬਿਊਰੋ)-ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਵੋਟਰਾਂ ਨੂੰ ਲੁਭਾਉਣ ਲਈ ਮੁਫ਼ਤ ਤੋਹਫ਼ੇ ਵੰਡਣ ਜਾਂ ਬਾਅਦ ਵਿੱਚ ਮੁਫ਼ਤ ਵਾਲੀਆਂ ਸਕੀਮਾਂ ਦੇ ਵਾਅਦਾ ਕਰਦੀਆਂ ਵੱਖ-ਵੱਖ ਸਿਆਸੀ ਪਾਰਟੀਆਂ ਦੀ ਮਾਨਤਾ ਰੱਦ ਕਰਨ ਵਾਲੇ ਕੇਸ ਵਿੱਚ ਅੱਜ ਸੁਪਰੀਮ ਕੋਰਟ ਵਿੱਚ ਸੁਣਵਾਈ ਹੋਈ। ਇਸ ਮੌਕੇ ਸੁਪਰੀਮ ਕੋਰਟ ਨੇ ਭਾਰਤ ਦੀ ਸਰਕਾਰ ਅਤੇ ਚੋਣ ਕਮਿਸ਼ਨ ਨੂੰ ਨੋਟਿਸ ਜਾਰੀ ਕੀਤਾ ਹੈ।

ਪਟੀਸ਼ਨਕਰਤਾ ਨੇ ਇਸ ਅਰਜ਼ੀ ਵਿੱਚਕਿਹਾ ਸੀ ਕਿਚੋਣਾਂ ਤੋਂ ਪਹਿਲਾਂ ਸਿਆਸੀ ਪਾਰਟੀਆਂ ਵੱਲੋਂ ਸਰਕਾਰੀ ਫੰਡ ਤੋਂ ਵੋਟਰਾਂ ਨੂੰ ਤੋਹਫ਼ੇ ਦੇਣਾਜਾਂ ਤੋਹਫੇ ਦਾ ਵਾਅਦਾ ਕਰਨਾ ਆਜ਼ਾਦ ਤੇ ਨਿਰਪੱਖ ਚੋਣਾਂ ਨੂੰ ਪ੍ਰਭਾਵਿਤ ਕਰਦਾ ਹੈ।ਸੁਪਰੀਮ ਕੋਰਟ ਨੇ ਵੀ ਸਿਆਸੀ ਪਾਰਟੀਆਂ ਦੇ ਮੁਫ਼ਤ ਤੋਹਫ਼ੇ ਦੇਣ ਦੇ ਐਲਾਨਾਂ ਉੱਤੇ ਚਿੰਤਾ ਜਤਾਈ ਹੈ।ਭਾਰਤ ਦੇ ਚੀਫ ਜਸਟਿਸ ਐੱਨ ਵੀ ਰਾਮੰਨਾ ਨੇ ਕਿਹਾ ਕਿ ਇਹ ਗੰਭੀਰ ਮੁੱਦਾ ਹੈ, ਕੋਈ ਸ਼ੱਕ ਨਹੀਂ ਕਿ ਮੁਫ਼ਤ ਦਾ ਐਲਾਨਾਂ ਦਾ ਸਿਲਸਿਲਾ ਰੈਗੂਲਰ ਬਜਟ ਤੋਂ ਟੱਪਦਾ ਜਾਂਦਾ ਹੈ। ਕਈ



ਵਾਰ ਸੁਪਰੀਮ ਕੋਰਟ ਨੇ ਵੀ ਕਿਹਾ ਕਿ ਇਹ ਬਰਾਬਰੀ ਦੀ ਖੇਡ ਦਾ ਮੈਦਾਨ ਨਹੀਂ, ਪਾਰਟੀਆਂ ਚੋਣਾਂ ਜਿੱਤਣ ਲਈ ਹੋਰ ਵੱਡੇ ਵਾਅਦੇ ਕਰਦੀਆਂ ਹਨ। ਜੱਜ ਸਾਹਿਬਾਨ ਨੇ ਕਿਹਾ ਕਿ ਸੀਮਿਤ ਘੇਰੇ ਵਿੱਚ ਅਸੀਂ ਚੋਣ ਕਮਿਸ਼ਨ ਨੂੰ ਨਿਰਦੇਸ਼ ਤਿਆਰ ਕਰਨ ਦਾ ਹੁਕਮ ਦਿੱਤਾ ਸੀ, ਉਸ ਤੋਂ ਬਾਅਦ ਉਨ੍ਹਾਂ ਸਿਰਫ ਇੱਕ ਬੈਠਕ ਕੀਤੀ ਤੇ ਸਿਆਸੀ ਪਾਰਟੀਆਂ ਤੋਂ ਵਿਚਾਰ ਮੰਗੇ, ਪਰ ਬਾਅਦ ਦਾ ਸਾਨੂੰ ਨਹੀਂ ਪਤਾ।

ਸੁਪਰੀਮ ਕੋਰਟ ਨੂੰ ਅਰਜ਼ੀ ਪੇਸ਼ ਕਰਕੇ ਪਟੀਸ਼ਨਰ ਅਸ਼ਵਨੀ ਉਪਾਧਿਆਏ ਨੇ ਕੇਂਦਰ ਸਰਕਾਰ ਤੇ ਭਾਰਤੀ ਚੋਣ ਕਮਿਸ਼ਨ ਨੂੰ ਧਿਰ ਦੱਸ ਕੇ ਕਿਹਾ ਸੀ ਕਿ ਜਨਤਕ ਫੰਡ ਵਿੱਚੋਂ ਚੋਣਾਂ ਤੋਂ ਪਹਿਲਾਂ ਵੋਟਰਾਂ ਨੂੰ ਲੁਭਾਉਣ ਲਈ ਮੁਫ਼ਤ ਤੋਹਫ਼ੇ ਦਾ ਵਾਅਦਾ ਕਰਨਾ ਜਾਂ ਮੁਫ਼ਤ ਤੋਹਫ਼ੇ ਵੰਡਣਾ ਵੋਟਰਾਂ ਨੂੰ ਪ੍ਰਭਾਵਿਤ ਕਰਨ ਅਤੇ ਲੁਭਾਉਣ ਦੀ ਕੋਸ਼ਿਸ਼ ਹੈ, ਜਿਸ ਨਾਲ ਚੋਣ ਪ੍ਰਕਿਰਿਆ ਪ੍ਰਦੂਸ਼ਿਤ ਹੁੰਦੀ ਹੈ। ਇਸ ਦੀ ਮਿਸਾਲਵਜੋਂ ਉਨ੍ਹਾ ਕਿਹਾ ਕਿ ਜੇ ਆਮ ਆਦਮੀ ਪਾਰਟੀ ਪੰਜਾਬਵਿੱਚ ਜਿੱਤੇਗੀ ਤਾਂ ਉਸ ਨੂੰ ਵਾਅਦੇ ਪੂਰੇ ਕਰਨ ਲਈ ਹਰ ਮਹੀਨੇ 12,000 ਕਰੋੜ ਰੁਪਏ ਦੀ ਲੋੜ ਹੋਵੇਗੀ, ਅਕਾਲੀ ਦਲ ਜਿੱਤੇਗਾ ਤਾਂ ਹਰ ਮਹੀਨੇ 25,000 ਕਰੋੜ ਰੁਪਏ ਤੇ ਕਾਂਗਰਸ ਜਿੱਤੇਗੀ ਤਾਂ 30,000 ਕਰੋੜ ਰੁਪਏ ਦੀ ਲੋੜ ਹੋਵੇਗੀ, ਜਦ ਕਿ ਪੂਰੇ ਪੰਜਾਬ ਦੀ ਜੀ ਐੱਸ ਟੀ ਕੁਲੈਕਸ਼ਨ 1400 ਕਰੋੜ ਰੁਪਏਹੈ।ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਕਰਜ ਚੁਕਾਉਣ ਪਿੱਛੋਂ ਪੰਜਾਬ ਸਰਕਾਰ ਤਨਖਾਹ-ਪੈਨਸ਼ਨ ਵੀ ਨਹੀਂ ਦੇਣ ਜੋਗੀ ਤਾਂ ਤੋਹਫ਼ੇ ਕਿਵੇਂ ਦੇਵੇਗੀ? ਉਸਨੇ ਕਿਹਾ ਕਿ ਉਹ ਸਮਾਂ ਦੂਰ ਨਹੀਂ, ਜਦੋਂ ਇਕ ਪਾਰਟੀ ਕਹੇਗੀ ਕਿ ਅਸੀਂ ਘਰ ਆ ਕੇ ਤੁਹਾਡਾ ਖਾਣਾ ਬਣਾਵਾਂਗੇ ਤੇ ਦੂਸਰੀ ਕਹੇਗੀ ਕਿ ਨਾ ਸਿਰਫ ਬਣਾਵਾਂਗੇ, ਤੁਹਾਨੂੰ ਖੁਆਵਾਂਗੇ ਵੀ।ਸਭ ਪਾਰਟੀਆਂ ਲੁਭਾਵਨੇ ਵਾਅਦਿਆਂ ਅੱਗੇ ਨਿਕਲਣ ਦੀ ਜੁਗਤ ਵਿੱਚ ਹਨ।

## ਭਰਾ ਨੇ ਕਿਹਾ: ਭੈਣ ਅਗਵਾ ਹੋਈ, ਲੜਕੀ ਕੋਰਟ ਮੈਰਿਜ ਕਰ ਕੇ ਪਤੀ ਸਮੇਤ ਮੁੜ ਆਈ

ਜਲੰਧਰ, 25 ਜਨਵਰੀ (ਪੋਸਟ ਬਿਊਰੋ)- ਇਸ ਸ਼ਹਿਰ ਦੇ ਬਸਤੀ ਸ਼ੇਖ਼ ਇਲਾਕੇ ਵਿੱਚ ਕਿਡਨੈਪਿੰਗ ਦਾ ਰੌਲਾ ਪਿਆ ਅਤੇ ਲੜਕੀ ਦੇ ਭਰਾ ਨੇ ਪੁਲਸ ਨੂੰ ਕਿਡਨੈਪਿੰਗ ਦੀ ਸ਼ਿਕਾਇਤ ਕੀਤੀ, ਪਰ ਲੜਕੀ ਦੋਸ਼ੀ ਨਾਲ ਵਿਆਹ ਕਰ ਕੇ ਵਾਪਸ ਆ ਗਈ। ਕੋਰਟ ਵਿੱਚ ਲੜਕੀ ਦੇ ਬਿਆਨਅਨੁਸਾਰ ਉਸ ਦੀ ਕਿਡਨੈਪਿੰਗ ਨਹੀਂ ਹੋਈ, ਬਲਕਿ ਉਸ ਨੇ ਵਿਆਹ ਕੀਤਾ ਹੈ। ਕੋਰਟ ਦੇ ਹੁਕਮ ਉੱਤੇ ਲੜਕੀ ਨੂੰ ਉਸ ਦੇ ਸਹੁਰੇ ਘਰ ਭੇਜ ਦਿੱਤਾ ਗਿਆ ਹੈ। ਪਤਾ ਲੱਗਾ ਹੈ ਕਿ ਕੱਲ੍ਹ ਸ਼ਾਮ ਬਸਤੀ ਸ਼ੇਖ਼ ਦੇ ਇੱਕ ਮੁਹੱਲੇ ਦਾ ਵਸਨੀਕ 27 ਸਾਲਾ ਨੌਜਵਾਨ ਥਾਣਾ-ਪੰਜ ਵਿੱਚ ਗਿਆ ਅਤੇ ਸ਼ਿਕਾਇਤ ਦਿੱਤੀ ਕਿ 21 ਜਨਵਰੀ ਦੀ ਸ਼ਾਮ ਉਸ ਦੇ ਮੁਹੱਲੇ ਦਾ ਇੱਕ ਨੌਜਵਾਨ ਆਪਣੇ ਇੱਕ ਦਰਜਨ ਤੋਂ ਵੱਧ ਸਾਥੀਆਂ ਨਾਲ ਉਨ੍ਹਾਂ ਦੇ ਘਰ ਆਇਆ ਅਤੇ ਉਸ ਦੀ 19 ਸਾਲ ਦੀ ਭੈਣ ਨੂੰ ਜਬਰੀ ਚੁੱਕ ਕੇ ਲੈ ਗਏ। ਜਦ ਉਸ ਨੇ ਰੋਕਣਾ ਚਾਹਿਆ ਤਾਂ ਉਸ ਉੱਤੇ ਤਲਵਾਰ ਰੱਖ ਕੇ ਜਾਨੋਂ ਮਾਰਨ ਦੀ ਧਮਕੀ ਦਿੱਤੀ। ਪੁਲਸ ਨੇ ਕੇਸ ਦਰਜ ਕਰ ਕੇ ਛਾਪੇ ਮਾਰਨੇ ਸ਼ੁਰੂ ਕੀਤੇ ਤਾਂਇਸ ਦੌਰਾਨ ਪੁਲਸ ਨੂੰ ਸੂਚਨਾ ਮਿਲੀ ਕਿ ਜਿਸ ਨੌਜਵਾਨ ਉੱਤੇ ਕਿਡਨੈਪਿੰਗ ਦਾ ਦੋਸ਼ ਹੈ, ਉਸ ਨੇ ਅਗਵਾ ਕੀਤੀ ਲੜਕੀ ਨਾਲ ਵਿਆਹ ਕਰ ਲਿਆ ਸੀ। ਕੱਲ੍ਹ ਅਗਵਾ ਕੀਤੀ ਲੜਕੀ ਨੂੰ ਕੋਰਟ ਵਿੱਚ ਪੇਸ਼ ਕੀਤਾ ਗਿਆ, ਜਿੱਥੇ ਉਸ ਨੇ ਕਿਹਾ ਕਿ ਉਸ ਨੂੰ ਅਗਵਾ ਨਹੀਂ ਕੀਤਾ ਗਿਆ, ਬਲਕਿ ਉਸ ਨੇ ਵਿਆਹ ਕੀਤਾ ਹੈ।

## ਤਸਕਰ ਨੂੰ ਛੱਡਣ ਵਾਲਾ ਥਾਣੇਦਾਰ ਕਾਬੂ

ਬਠਿੰਡਾ, 25 ਜਨਵਰੀ (ਪੋਸਟ ਬਿਊਰੋ)- ਪਿਛਲੇ ਸਾਲ ਦੇ ਅਕਤੂਬਰ ਮਹੀਨੇ ਦੇ ਸ਼ੁਰੂ ਵਿੱਚ ਪੈਸੇ ਲੈ ਕੇ ਨਸ਼ਾ ਤਸਕਰ ਨੂੰ ਛੱਡਣ ਵਾਲੇ ਸਪੈਸ਼ਲ ਸਟਾਫ਼ ਦੇ ਭਗੌੜੇ ਥਾਣੇਦਾਰ ਨੂੰ ਸਪੈਸ਼ਲ ਟਾਸਕ ਫੋਰਸ ਨੇ ਗ੍ਰਿਫ਼ਤਾਰ ਕਰ ਲਿਆ ਹੈ, ਜਦੋਂ ਕਿ ਮੁੱਖ ਦੋਸ਼ੀ ਇੰਸਪੈਕਟਰ ਰਜਿੰਦਰ ਕੁਮਾਰ ਹਾਲੇ ਤਕ ਫ਼ਰਾਰ ਹੈ।

ਪੁਲਸ ਸੂਤਰਾਂ ਨੇ ਖ਼ੁਲਾਸਾ ਕੀਤਾ ਹੈ ਕਿ ਇਸ ਮਾਮਲੇ ਵਿੱਚ ਕਈ ਵੱਡੇ ‘ਪੁਲਸ ਅਧਿਕਾਰੀਆਂ’ ਦੇ ਫ਼ਸਣ ਦੇ ਡਰ ਕਾਰਨ ਢਿੱਲ ਵਰਤੀ ਜਾ ਰਹੀ ਹੈ ਤਾਂ ਕਿ ਉਕਤ ਇੰਸਪੈਕਟਰ ਦੀ ਜਮਾਨਤ ਹੋ ਸਕੇ। ਪਤਾ ਲੱਗਾ ਹੈ ਕਿ ਸਥਾਨਕ ਸਪੈਸ਼ਲ ਸਟਾਫ਼ ਦੇ ਇੰਚਾਰਜ ਤੇ ਉਸ ਦੇ ਸਹਾਇਕ ਏ ਐਸ ਆਈ ਜਰਨੈਲ ਸਿੰਘ ਆਦਿ ਵਿਰੁੱਧ ਐਸ ਟੀ ਐਫ਼ (ਸਪੈਸ਼ਲ ਟਾਸਕ ਫੋਰਸ)ਨੇ 14 ਅਕਤੂਬਰ 2021 ਨੂੰ ਭ੍ਰਿਸ਼ਟਾਚਾਰ ਤੇ ਹੋਰਨਾਂ ਦੋਸ਼ਾਂ ਹੇਠ ਕੇਸ ਦਰਜ ਕੀਤਾ ਸੀ।












## ਅੱਜ ਨਾਮਾ

ਉਮੀਦਵਾਰਾਂ ਦੀ ਲਿਸਟ ਜਦ ਅੱਧ-ਵਾਟੇ,
ਕਾਗਜ਼ ਭਰਨ ਦਾ ਕੰਮ ਪਿਆ ਚੱਲ ਬੇਲੀ।
ਦੋਸਤਾਂ ਨਾਲ ਕੁਝ ਕਾਗਜ਼ ਆ ਭਰਨ ਚੱਲੇ,
ਹੋਇਆ ਉਨ੍ਹਾਂ ਨੂੰ ਦਿੱਸੇ ਜਿਉਂ ਝੱਲ ਬੇਲੀ।
ਪਹਿਲਾਂ ਵਾਂਗ ਨਾ ਭੀੜ ਬਈ ਨਾਲ ਜਾਂਦੀ,
ਵੱਜਦਾ ਬੈਂਡ ਨਾ ਖੜਕ ਰਿਹਾ ਟੱਲ ਬੇਲੀ।
ਚੋਣ ਕਮਿਸ਼ਨ ਦੀ ਟੀਮ ਆ ਮਗਰ ਜਾਂਦੀ,
ਰਹਿੰਦਾ ਡਰ ਕਿ ਵਿਗੜ ਜਾਊ ਗੱਲ ਬੇਲੀ।
ਚੋਣਾਂ ਉਡੀਕਦੇ ਜਿਹੜੇ ਕਈ ਮੁਫਤ-ਖੋਰੇ,
ਉੱਡਿਆ ਉਨ੍ਹਾਂ ਦਾ ਜਾਪ ਰਿਹਾ ਰੰਗ ਬੇਲੀ।
ਕਹਿੰਦੇ ਫਿੱਕੀ ਜਿਹੀ ਚੋਣ ਦਾ ਕੀ ਕਰੀਏ,
ਪੈ ਗਿਆ ਯਾਰਾਂ ਦੇ ਰੰਗ ਵਿੱਚ ਭੰਗ ਬੇਲੀ।

**ਤੀਸ ਮਾਰ ਖਾਂ**

# ਸੁਖਜਿੰਦਰ ਰੰਧਾਵੇ ਵੱਲੋਂ ਮਜੀਠੀਏ ਉੱਤੇ ਦੋਸ਼: ਮੈਨੂੰ, ਚੰਨੀ ਅਤੇ ਪੁਲਸ ਅਫ਼ਸਰਾਂ ਨੂੰ ਧਮਕੀਆਂ ਦਿੱਤੀਆਂ ਗਈਆਂ

ਅੰਮ੍ਰਿਤਸਰ, 25 ਜਨਵਰੀ, (ਪੋਸਟ ਬਿਊਰੋ)-ਡਰੱਗ ਤਸਕਰੀ ਦੇ ਕੇਸ ਵਿਚ ਨਾਮਜ਼ਦ ਸਾਬਕਾ ਮੰਤਰੀ ਅਤੇ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਉੱਤੇ ਅੱਜ ਪੰਜਾਬ ਦੇ ਡਿਪਟੀ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਤਿੱਖਾ ਹਮਲਾ ਕਰਦਿਆਂ ਕਿਹਾ ਕਿ ਹਾਈ ਕੋਰਟ ਤੋਂ ਜ਼ਮਾਨਤ ਮਿਲਣ ਪਿੱਛੋਂ ਮਜੀਠੀਆ ਨੇ ਮੈਨੂੰ, ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਤੇ ਪੁਲਿਸ ਅਫਸਰਾਂ ਨੂੰ ਧਮਕੀਆਂ ਦਿੱਤੀਆਂ ਸਨ। ਉਨ੍ਹਾਂ ਕਿਹਾ ਕਿ ਡਰੱਗ ਤਸਕਰੀ ਵਿਚ ਸ਼ਾਮਲ ਨੇਤਾ, ਜਿਸ ਉੱਤੇਕੇਸ ਦਰਜ ਹੋਵੇ ਤੇਸ਼ਰਤਾਂ ਨਾਲ ਅੰਤ੍ਰਿਮ ਜ਼ਮਾਨਤ ਮਿਲੀ ਹੋਵੇ, ਖੁੱਲ੍ਹਾ ਚੈਲਿੰਜ ਕਰਦਾ ਰਿਹਾ ਹੈ।



ਡਿਪਟੀ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਲੱਖਾਂ ਮਾਵਾਂ ਦੀ ਅਰਦਾਸ ਨਾਲ ਜ਼ਮਾਨਤ ਮਿਲਣ ਦੀ ਗੱਲ ਕਹਿਣ ਵਾਲਾ ਬਿਕਰਮ ਸਿੰਘ ਮਜੀਠੀਆ ਇਹ ਦੱਸੇ ਕਿ ਜਿਹੜੇ ਹਜ਼ਾਰਾਂ ਨੌਜਵਾਨ ਨਸ਼ੇ ਦੀ ਭੇਟ ਚੜ੍ਹੇ, ਕੀ ਸਾਰਿਆਂ ਉਨ੍ਹਾਂ ਦੀਆਂ ਮਾਵਾਂ ਦੀ ਹਾਅਨਹੀਂ ਲੱਗੇਗੀ।ਉਨ੍ਹਾ ਕਿਹਾ ਕਿ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਾਨੂੰਨੀ ਪ੍ਰਣਾਲੀ ਉੱਤੇ ਹੀ ਸਵਾਲ ਖੜ੍ਹੇ ਕਰ ਦਿਤੇ ਸਨ। ਰੰਧਾਵਾ ਨੇ ਕਿਹਾ ਕਿ ਪੰਜਾਬ ਵਿਚ 2008 ਤੋਂ ਪਹਿਲਾਂ ਕਿਸੇ ਨੇ ਚਿੱਟੇ ਤੇ ਮਾਫੀਆ ਦਾ ਨਾਂ ਨਹੀਂ ਸੁਣਿਆ ਸੀ। ਜਦੋਂ ਮਜੀਠੀਆਮੰਤਰੀ ਬਣਿਆ ਤਾਂ ਚਿੱਟਾ ਵਿਕਣ ਲੱਗਾ, ਟਰਾਂਸਪੋਰਟ ਮਾਫੀਆ, ਕੇਬਲ ਮਾਫੀਆ ਅਤੇ ਕਈ ਮਾਫੀਆ ਸਰਗਰਮ ਹੋ ਗਏ ਸਨ।ਰੰਧਾਵਾ ਨੇ ਕਿਹਾ ਕਿ ਅਕਾਲੀ ਦਲ ਦੀ ਡੋਰ ਜਦੋਂ ਪ੍ਰਕਾਸ਼ ਸਿੰਘ ਬਾਦਲ ਦੇ ਹੱਥ ਵਿੱਚ ਸੀ ਤਾਂ ਅਕਾਲੀ ਦਲ ਤੇ ਕਾਂਗਰਸ ਵਿੱਚ ਕੁੜੱਤਣ ਨਹੀਂ ਸੀ ਘੁਲੀ, ਮੇਰੇ ਪਿਤਾ ਸੰਤੋਖ ਸਿੰਘ ਰੰਧਾਵਾ ਤੇ ਪ੍ਰਕਾਸ਼ ਸਿੰਘ ਬਾਦਲ ਵਿਰੋਧੀ ਧਿਰਾਂ ਵਿਚ ਬੈਠਦੇ ਸਨ, ਵਿਵਾਦ ਨਹੀਂ ਸੀ ਹੁੰਦਾ,ਕੁੜੱਤਣ ਤਦ ਬਣੀ, ਜਦੋਂ ਜਨਰਲ ਡਾਇਰ ਨੂੰ ਸਨਮਾਨਤ ਕਰਨ ਵਾਲੇ ਮਜੀਠੀਆ ਪਰਿਵਾਰ ਦੇ ਬਿਕਰਮ ਸਿੰਘ ਦੀ ਇੰਟਰੀ ਅਕਾਲੀ ਦਲ ਵਿੱਚ ਹੋਈ। ਉਦੋਂ ਤੋਂ ਅਕਾਲੀ ਦਲ ਦਾ ਵਿਨਾਸ਼ ਸ਼ੁਰੂ ਹੋ ਗਿਆ ਅਤੇ ਅਕਾਲੀ ਦਲ ਦੇ ਕਈ ਸੀਨੀਅਰ ਨੇਤਾ ਪਾਰਟੀ ਛੱਡ ਗਏ।ਰੰਧਾਵਾ ਨੇ ਕਿਹਾ ਕਿ ਪ੍ਰਕਾਸ਼ ਸਿੰਘ ਬਾਦਲ ਨੇ ਜੇਲ੍ਹ ਕੱਟੀ,ਅੱਜ ਵੀ ਮੇਰੇ ਮੂੰਹੋਂ ਉਨ੍ਹਾਂ ਲਈ ਸਨਮਾਨ ਦੇ ਸ਼ਬਦ ਨਿਕਲਦੇ ਹਨ, ਪਰ ਮੇਰੀ ਸੋਚ ਹੈ ਕਿ ਜੇ ਸੁਖਬੀਰ ਸਿੰਘ ਨੂੰ ਅੱਗੇ ਨਾ ਲਿਆਉਂਦੇ ਤਾਂ ਅਕਾਲੀ ਦਲ ਦਾ ਇਹ ਹਾਲ ਨਾ ਹੁੰਦਾ।

# ਤਰਕਸ਼ੀਲ ਸੁਸਾਇਟੀ ਕੈਨੇਡਾ ਵਲੋਂ ਵਿਦੇਸ਼ੀ ਵਿਦਿਆਰਥੀਆਂ ਦਾ ਸ਼ੋਸ਼ਣ ਰੋਕਣ ਲਈ, ਕੰਮ ਕਰਨ 'ਤੇ ਲੱਗੀਆਂ ਪਾਬੰਦੀਆਂ ਹਟਾਉਣ ਦੀ ਮੰਗ

ਬਰੈਂਪਟਨ: (ਡਾ ਬਲਜਿੰਦਰ ਸਿੰਘ ਸੇਖੋਂ) ਤਰਕਸ਼ੀਲ ਸੁਸਾਇਟੀ ਕੈਨੇਡਾ ਦੀ ਕਾਰਜਕਰਨੀ ਦੀ ਬੀਤੇ ਬੁਧਵਾਰ ਹੋਈ ਮੀਟਿੰਗ ਵਿਚ ਹੋਰ ਵਿਸ਼ਿਆਂ ਤੋਂ ਇਲਾਵਾ ਕਨੇਡਾ ਵਿਚ ਪੜ੍ਹ ਰਹੇ ਵਿਦੇਸ਼ੀ ਵਿਦਿਆਰਥੀਆਂ ਦੀਆਂ ਸਮੱਸਿਆਵਾਂ 'ਤੇ ਵਿਚਾਰ ਵਟਾਂਦਰਾ ਕੀਤਾ ਗਿਆ, ਜਿਸ ਦੌਰਾਨ ਇਨ੍ਹਾਂ ਵਿਦਿਆਰਥੀਆਂ ਦਾ ਸ਼ੋਸ਼ਣ ਰੋਕਣ ਲਈ ਕਨੇਡਾ ਸਰਕਾਰ ਤੋਂ ਇਨ੍ਹਾਂ ਦੇ ਕੰਮ ਕਰਨ ਤੇ ਲਾਈਆਂ ਪਾਬੰਦੀਆਂ ਹਟਾਉਣ ਦੀ ਮੰਗ ਕੀਤੀ ਗਈ। ਮੈਂਬਰਾਂ ਦਾ ਵਿਚਾਰ ਸੀ ਕਿ ਇਨ੍ਹਾਂ ਪਾਬੰਦੀਆਂ ਕਾਰਨ ਅਪਣੇ ਖਰਚੇ ਪੂਰੇ ਕਰਨ ਲਈ ਕਈ ਵਾਰ ਉਨ੍ਹਾਂ ਨੂੰ ਕਾਨੂੰਨ ਮੁਤਾਬਿਕ ਮਨਜ਼ੂਰ ਘੰਟਿਆਂ ਤੋਂ ਵੱਧ ਕੰਮ ਕਰਨਾ ਪੈਂਦਾ ਹੈ, ਜਿਸ ਕਾਰਨ ਕਈ ਰੁਜਗਾਰ ਦੇਣ ਵਾਲੇ, ਆਨੇ ਬਹਾਨੇ ਉਨ੍ਹਾਂ ਦੀ ਲੁੱਟ ਕਰਦੇ ਹਨ। ਇਸ ਮੀਟਿੰਗ ਵਿਚ ਕਈ ਅਦਾਰਿਆਂ ਵਲੋਂ ਕੁਝ ਕੁ ਗੁਮ-ਰਾਹ ਹੋਈਆਂ ਪੰਜਾਬੀ ਵਿਦਿਅਰਥਣਾਂ ਦੇ ਸਮਾਜ ਵਿਰੋਧੀ ਤੱਤਾਂ ਦੇ ਚੁੰਗਲ ਵਿਚ ਫੱਸ ਕੇ ਗਲਤ ਰਾਹ ਪੈਣ ਦੀ ਗੱਲ ਨੂੰ ਵਧਾ ਚੜ੍ਹਾ, ਸਨਸਨੀਖੇਜ਼ ਬਣਾਕੇ ਵੱਡੇ ਪੱਧਰ ਤੇ ਉਨ੍ਹਾ ਵਿਚ ਵੇਸਵਾ ਗਮਨੀ ਦੇ ਹੋਣ ਦਾ ਪ੍ਰਚਾਰ ਕਰਨ ਦੀ ਨਿੰਦਾ ਕੀਤੀ ਗਈ। ਜ਼ੂਮ ਮੀਟਿੰਗ ਜਿਸ ਵਿਚ ਬੀ ਸੀ, ਅਲਬਰਟਾ, ਮੈਨੀਟੋਬਾ ਅਤੇ ਓਨਟਾਰੀਓ ਦੇ ਨੁਮਾਂਇੰਦਿਆਂ ਨੇ ਭਾਗ ਲਿਆ, ਦੋ ਘੰਟਿਆਂ ਤੋਂ ਵੱਧ ਸਮਾਂ ਚੱਲੀ। ਜਥੇਬੰਦੀ ਦੇ ਕੰਮਾਂ ਦੀ ਸਮੀਖਿਆ ਕਰਨ ਉਪਰੰਤ, ਵਿਦੇਸ਼ੀ ਖਾਸ ਕਰ ਪੰਜਾਬੀ ਵਿਦਿਆਰਥੀਆਂ ਵਲੋਂ ਅਪਣੇ ਸਾਥੀਆਂ ਦੇ ਸ਼ੋਸ਼ਣ ਵਿਰੁਧ ਚਲਾਈ ਜਾ ਰਹੀ ਜਦੋਜਹਿਦ ਬਾਰੇ ਹੋਈ ਬਹਿਸ ਵਿਚ, ਇਸ ਸ਼ੋਸ਼ਣ ਦਾ ਮੁੱਖ ਕਾਰਨ ਸਰਕਾਰ ਵਲੋਂ ਵਿਦੇਸ਼ੀ ਵਿਦਿਆਰਥੀਆਂ ਦੇ ਕੰਮ ਕਰਨ ਤੇ ਲਾਈਆਂ ਰੋਕਾਂ ਨੂੰ ਮੰਨਿਆ ਗਿਆ। ਬੀਤੇ ਕਈ ਦਹਾਕਿਆਂ ਤੋਂ ਸਰਕਾਰ ਵਲੋਂ ਕਾਲਜਾਂ ਯੂਨੀਵਰਸਟੀਆਂ ਦੇ ਫੰਡਾਂ ਵਿਚ ਕਟਾਉਤੀ ਕਰਕੇ, ਉਨ੍ਹਾਂ ਨੰ ਆਤਮ ਨਿਰਭਰ ਹੋਣ ਦੀ ਸਰਕਾਰ ਦੀ ਦੁਹਾਈ ਦਾ ਨਤੀਜਾ ਹੈ ਕਿ ਇਹ ਸਿਖਿਆ ਦੇ ਅਦਾਰੇ, ਫੀਸਾਂ ਦੇ ਰੂਪ ਵਿਚ ਵੱਡੀਆਂ ਰਕਮਾਂ, ਖਾਸ ਕਰ ਵਿਦੇਸ਼ੀ ਵਿਦਿਆਰਥੀਆਂ ਤੋਂ, ਇਕੱਠੀਆਂ ਕਰਨ ਵਿਚ ਜੁੱਟੇ ਹੋਏ ਹਨ। ਚੰਗੇ ਭਵਿਖ ਦੀ ਉਮੀਦ ਵਿਚ ਕਈ ਦੇਸ਼ਾਂ ਤੋਂ, ਹੇਠਲੇ ਮੱਧ ਵਰਗ ਵਿਚੋਂ, ਭਾਰੀ ਰਕਮਾਂ ਖਰਚ ਕੇ ਆ ਰਹੇ ਵਿਦਿਆਰਥੀਆਂ ਤੇ ਇਹ ਫੀਸਾਂ ਤਲਵਾਰ ਵਾਂਗ ਲਟਕਦੀਆਂ ਰਹਿੰਦੀਆਂ ਹਨ ਅਤੇ ਉਹ ਇਨ੍ਹਾਂ ਅਤੇ ਹੋਰ ਰਹਿਣ ਸਹਿਣ ਦੇ ਖਰਚਿਆਂ ਨੂੰ ਪੂਰੇ ਕਰਨ ਲਈ ਕਈ ਵਾਰ, ਕਨੂੰਨੀ ਹੱਦ ਤੋਂ ਵੱਧ ਘੰਟੇ ਕੰਮ ਕਰਨ ਲਈ ਮਜਬੂਰ ਹੋ ਜਾਂਦੇ ਹਨ। ਇਸ ਦਾ ਫਾਇਦਾ ਕਈ ਰੁਜ਼ਗਾਰ ਦੇਣ ਵਾਲੇ ਲੈਂਦੇ ਹਨ ਅਤੇ ਉਨ੍ਹਾਂ ਦੇ ਕੰਮ ਦੀ ਉਚਿੱਤ ਉਜਰਤ ਨਹੀਂ ਦਿੰਦੇ ਅਤੇ ਕਈ ਵਾਰ ਤਾਂ ਕੰਮ ਕਰਵਾਉਣ ਬਾਅਦ ਬਣਦੀ ਰਕਮ ਤੋਂ ਮੁਨਕਰ ਹੀ ਹੋ ਜਾਂਦੇ ਹਨ। ਮੈਂਬਰਾਂ ਵਲੋਂ ਅਪਣੀ ਬਣਦੀ ਉਜਰਤ ਲੈਣ ਲਈ, ਜਦੋ ਜਹਿਦ ਕਰ ਰਹੇ ਵਿਦਿਆਰਥੀਆਂ ਦਾ ਸਮਰਥਣ ਕੀਤਾ ਗਿਆ ਅਤੇ ਸਰਕਾਰ ਤੋਂ ਮੰਗ ਕੀਤੀ ਗਈ ਕਿ ਉਹ ਇਹ ਲੁੱਟ ਰੋਕਣ ਲਈ, ਵਿਦੇਸ਼ੀ ਵਿਦਿਆਰਥੀਆਂ ਨੂੰ ਇਥੋਂ ਦੇ ਵਿਦਿਆਰਥੀਆਂ ਬਰਾਬਰ ਕੰਮ ਕਰਨ ਦੀ ਇਜਾਜਤ ਦੇਵੇ। ਮੌਨਟਰੀਅਲ ਵਿਚ ਤਿੰਨ ਕਾਲਜਾਂ ਵਲੋਂ ਅਪਣੇ ਆਪ ਨੂੰ, ਲੱਖਾਂ ਡਾਲਰਾਂ ਦੀ ਲੁੱਟ ਕਰਨ ਉਪਰੰਤ, ਦਿਵਾਲੀਆ ਕੱਢ, ਵਿਦਿਆਰਥੀਆਂ ਦੇ ਭਵਿਖ ਨੂੰ ਖਤਰੇ ਵਿਚ ਪਾਉਣ ਦੀ ਵੀ ਨਿੰਦਾ ਕੀਤੀ ਗਈ ਅਤੇ ਸਰਕਾਰ ਤੋਂ ਇਨ੍ਹਾਂ ਵਿਦਿਆਥੀਆਂ ਦੀ ਪੜ੍ਹਾਈ ਦੂਸਰੇ ਕਾਲਜਾਂ ਵਿਚ ਮੁਕੱਮਲ ਕਰਵਾਉਣ ਦੇ ਇੰਤਜ਼ਾਮ ਕਰਨ ਦੀ ਮੰਗ ਵੀ ਕੀਤੀ ਗਈ।

ਮੀਟਿੰਗ ਵਿਚ ਜਥੇਬੰਦੀ ਨੂੰ ਹੋਰ ਮਜ਼ਬੂਤ ਬਣਾਉਣ ਲਈ ਵੀ ਮੈਂਬਰਾਂ ਵਲੋਂ ਸੁਝਾਅ ਦਿੱਤੇ ਗਏ, ਜਿਨ੍ਹਾਂ ਨੂੰ ਆਉਂਦੇ ਸਮੇਂ ਵਿਚ ਲਾਗੂ ਕਰਨ ਦਾ ਫੈਸਲਾ ਲਿਆ ਗਿਆ। ਸੁਸਾਇਟੀ ਬਾਰੇ ਹੋਰ ਜਾਣਕਾਰੀ ਲਈ ਬਲਦੇਵ ਰਹਿਪਾ (416 881 7202) ਜਾਂ ਬਾਈ ਅਵਤਾਰ ਗਿੱਲ (604 728 7011) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਕਾਂਗਰਸ ਵੱਲੋਂ ਪੰਜਾਬ ਦੇ ਉਮੀਦਵਾਰਾਂ ਦੀ ਦੂਜੀ ਸੂਚੀ ਵਿੱਚ 23 ਨਾਂਵਾਂ ਦਾ ਐਲਾਨ

AICC PRESS RELEASE
ASSEMBLY ELECTIONS - 2022
PUNJAB
The Candidates selected by the Congress Central Election Committee for t ensuing general elections to the Legislative Assembly of Punjab

| Sl. No. | No & names of Constituencies | | Candidates selected |
|---|---|---|---|
| 1 | 2 | Bhoa - SC | Joginder Pal |
| 2 | 7 | Batala | Ashwani Sekhri |
| 3 | 24 | Khadoor Sahib | Ramanjeet Singh Sikki |
| 4 | 31 | Nakodar | Dr. Navjot Singh Dhaiya |
| 5 | 46 | Banga - SC | Tarlochan Singh Soondh |
| 6 | 52 | Kharar | Vijay Sharma Tinku |
| 7 | 58 | Samrala | Raja Gill |
| 8 | 59 | Sahnewal | Vikram Bajwa |
| 9 | 66 | Gill - SC | Kuldeep Singh Vaid |
| 10 | 70 | Jagraon - SC | Jagtar Singh Jagga Hissowal |
| 11 | 77 | Firozpur Rural - SC | Ashu Bangar |
| 12 | 78 | Guru Har Sahai | Vijay Kalra |
| 13 | 80 | Fazilka | Davinder Gubaya |
| 14 | 86 | Muktsar | Karan Kaur Brar |
| 15 | 88 | Kotkapura | Ajaipal Singh Sandhu |
| 16 | 89 | Jaitu - SC | Darshan Singh Dilwan |
| 17 | 97 | Sardulgarh | Bikram Singh Mofar |
| 18 | 100 | Dirba - SC | Ajaib Singh Rataul |
| 19 | 101 | Sunam | Jaswinder Singh Dhiman |
| 20 | 104 | Mehal Kalan - SC | Harchand Kaur |
| 21 | 106 | Amargarh | Smit Singh |
| 22 | 112 | Dara Bassi | Deepinder Singh Dhillon |
| 23 | 117 | Shutrana - SC | Darbara Singh |

ਨਵੀਂ ਦਿੱਲੀ, 25 ਜਨਵਰੀ, (ਪੋਸਟ ਬਿਊਰੋ)-ਪੰਜਾਬ ਵਿਧਾਨ ਸਭਾ ਚੋਣਾਂ ਲਈ ਕਾਂਗਰਸ ਦੀ ਕੇਂਦਰੀ ਚੋਣ ਕਮੇਟੀ ਨੇ ਅੱਜ ਉਮੀਦਵਾਰਾਂ ਦੀ ਦੂਸਰੀ ਲਿਸਟ ਜਾਰੀ ਕਰ ਦਿੱਤੀ ਹੈ।ਅੱਜ ਜਾਰੀ ਕੀਤੀ ਗਈ ਉਮੀਦਵਾਰਾਂ ਦੀ ਇਸ ਸੂਚੀ ਵਿੱਚ ਕਾਂਗਰਸ ਨੇ 23 ਹੋਰ ਹਲਕਿਆਂ ਲਈ ਉਮੀਦਵਾਰਾਂ ਦਾ ਐਲਾਨ ਕੀਤਾ ਹੈ।

ਮੰਗਲਵਾਰ ਦੇ ਦਿਨ ਜਾਰੀ ਕੀਤੀ ਗਈ ਲਿਸਟ ਮੁਤਾਬਕ ਭੋਆ ਰਿਜ਼ਰਵ ਹਲਕੇ ਤੋਂ ਜੋਗਿੰਦਰ ਪਾਲ, ਬਟਾਲਾ ਤੋਂ ਅਸ਼ਵਨੀ ਸੇਖੜੀ, ਖਡੂਰ ਸਾਹਿਬ ਤੋਂ ਰਮਨਜੀਤ ਸਿੰਘ ਸਿੱਕੀ, ਨਕੋਦਰ ਤੋਂ ਡਾ. ਨਵਜੋਤ ਸਿੰਘ ਦਹੀਆ, ਬੰਗਾ ਰਿਜ਼ਰਵ ਤੋਂ ਤਰਲੋਚਨ ਸਿੰਘ ਸੂੰਢ, ਖਰੜ ਤੋਂ ਵਿਜੇ ਸ਼ਰਮਾ ਟਿੰਕੂ, ਸਮਰਾਲਾ ਤੋਂ ਰਾਜਾ ਗਿੱਲ, ਸਾਹਨੇਵਾਲ ਤੋਂ ਵਿਕਰਮ ਬਾਜਵਾ, ਗਿੱਲ ਰਿਜ਼ਰਵ ਤੋਂ ਕੁਲਦੀਪ ਸਿੰਘ ਵੈਦ, ਜਗਰਾਉਂ ਰਿਜ਼ਰਵ ਤੋਂ ਜਗਤਾਰ ਸਿੰਘ ਜੱਗਾ ਹਿੱਸੋਵਾਲ, ਫਿਰੋਜ਼ਪੁਰ ਦਿਹਾਤੀ ਰਿਜ਼ਰਵ ਹਲਕੇ ਤੋਂ ਆਸ਼ੂ ਬੰਗੜ, ਗੁਰੂ ਹਰਸਹਾਏ ਤੋਂ ਵਿਜੇ ਕਾਲੜਾ, ਫਾਜ਼ਿਲਕਾ ਤੋਂ ਦਵਿੰਦਰ ਸਿੰਘ ਘੁਬਾਇਆ, ਸ੍ਰੀ ਮੁਕਤਸਰ ਸਾਹਿਬ ਤੋਂ ਕਰਨ ਕੌਰ ਬਰਾੜ, ਕੋਟਕਪੂਰਾ ਤੋਂ ਅਜੇਪਾਲ ਸਿੰਘ ਸੰਧੂ, ਜੈਤੋ ਰਿਜ਼ਰਵ ਤੋਂ ਦਰਸ਼ਨ ਸਿੰਘ ਢਿੱਲਵਾਂ, ਸਰਦੂਲਗੜ੍ਹ ਤੋਂ ਬਿਕਰਮ ਸਿੰਘ ਮੋਫਰ, ਦਿੜ੍ਹਬਾ ਰਿਜ਼ਰਵ ਤੋਂ ਅਜੈਬ ਸਿੰਘ ਰਟੌਲ, ਸੁਨਾਮ ਤੋਂ ਜਸਵਿੰਦਰ ਸਿੰਘ ਧੀਮਾਨ, ਮਹਿਲ ਕਲਾਂ ਰਿਜ਼ਰਵ ਤੋਂ ਹਰਚੰਦ ਕੌਰ, ਅਮਰਗੜ੍ਹ ਤੋਂ ਸੁਮੀਤ ਸਿੰਘ, ਡੇਰਾਬੱਸੀ ਤੋਂ ਦੀਪਿੰਦਰ ਸਿੰਘ ਢਿੱਲੋਂ ਤੇ ਸ਼ੁਤਰਾਣਾ ਰਿਜ਼ਰਵ ਤੋਂ ਦਰਬਾਰਾ ਸਿੰਘ ਨੂੰ ਚੋਣ ਮੈਦਾਨ ਵਿੱਚ ਉਤਾਰਿਆ ਗਿਆ ਹੈ।

ਵਰਨਣ ਯੋਗ ਹੈ ਕਿ ਕਾਂਗਰਸ ਨੇ ਪਹਿਲੀ ਲਿਸਟ ਵਿੱਚ 86 ਉਮੀਦਵਾਰਾਂ ਦਾ ਐਲਾਨ ਕੀਤਾ ਸੀ ਤੇ ਇਸ ਤਰ੍ਹਾਂ ਕਾਂਗਰਸ ਪਾਰਟੀ ਅੱਜ ਤੱਕ ਆਪਣੇ ਕੁਲ 109 ਉਮੀਦਵਾਰਾਂ ਐਲਾਨ ਕਰ ਚੁੱਕੀ ਹੈ।

# 'ਪਾਰਟੀਗੇਟ' ਵਿਵਾਦ ਵਿੱਚ ਉਲਝੇ ਬ੍ਰਿਟਿਸ਼ ਪ੍ਰਧਾਨ ਮੰਤਰੀ ਉੱਤੇ ਇਕ ਹੋਰ ਦੋਸ਼ ਲੱਗਾ

ਲੰਡਨ, 25 ਜਨਵਰੀ, (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੀ ਮਾਰ ਕਾਰਨ ਲੱਗੇ ਲਾਕਡਾਊਨ ਅਤੇ ਹੋਰ ਪਾਬੰਦੀਆਂ ਦੇ ਦੌਰਾਨ ਪਾਰਟੀਆਂ ਕਰਨ, ਜਿਸ 'ਪਾਰਟੀਗੇਟ' ਘੁਟਾਲਾ ਕਿਹਾ ਜਾਂਦਾ ਹੈ, ਦੇ ਵਿਵਾਦਾਂ ਵਿੱਚ ਘਿਰੇ ਬ੍ਰਿਟਿਸ਼ ਪ੍ਰਧਾਨ ਮੰਤਰੀ ਬੋਰਿਸ ਜਾਨਸਨ ਉੱਤੇ ਅੱਜ ਮੰਗਲਵਾਰ ਇਕ ਹੋਰ ਦੋਸ਼ ਲੱਗ ਗਿਆ ਹੈ।ਪਤਾ ਲੱਗਾ ਹੈ ਕਿ ਕੋਵਿਡ ਨੂੰ ਫੈਲਣ ਤੋਂ ਰੋਕਣ ਲਈ ਲੱਗੇ ਪਹਿਲੇਲਾਕਡਾਊਨ ਦੌਰਾਨ ਉਨ੍ਹਾਂ ਦੀ ਮੰਗੇਤਰ ਨੇ ਬੋਰਿਸ ਜਾਨਸਨ ਲਈ 'ਸਰਪ੍ਰਾਈਜ਼ ਬਰਥਡੇ ਕੇਕ ਪਾਰਟੀ' ਕੀਤੀ ਸੀ। ਆਈਟੀਵੀ ਨਿਊਜ਼ ਨੇ ਸੋਮਵਾਰ ਰਾਤ ਦੱਸਿਆ ਕਿ ਉਸ ਸਮਾਗਮ ਵਿੱਚ ਲਗਭਗ 30 ਲੋਕ ਗਏ ਤੇ 'ਹੈਪੀ ਬਰਥਡੇ' ਗੀਤ ਗਾਇਆ ਜਾਣ ਤੋਂ ਇਲਾਵਾ ਲੋਕਾਂ ਨੂੰ ਕੇਕ ਵੀ ਪਰੋਸਿਆ ਗਿਆ ਸੀ।



ਪ੍ਰਧਾਨ ਮੰਤਰੀ ਨਿਵਾਸ, 10-ਡਾਊਨਿੰਗ ਸਟ੍ਰੀਟ ਨੇ ਇਹ ਰਿਪੋਰਟ ਦਿੱਤੀ ਹੈ ਕਿ ਬੋਰਿਸ ਜਾਨਸਨ, ਜੋ 19 ਜੂਨ, 2020 ਨੂੰ 56 ਸਾਲ ਦੇ ਹੋਏ ਸਨ, ਉਸ ਦਿਨ ਲਗਭਗ 10 ਮਿੰਟ ਇੱਕ ਸਮਾਗਮ ਵਿੱਚ ਸ਼ਾਮਲ ਹੋਏ, ਕਿਉਂਕਿ ਉਨ੍ਹਾਂ ਦਾ ਸਟਾਫ ਉਨ੍ਹਾਂ ਨੂੰ ਜਨਮ ਦਿਨ ਦੀਆਂ ਮੁਬਾਰਕਾਂ ਦੇਣ ਲਈ ਕੁਝ ਸਮਾਂ ਇਕੱਠਾ ਹੋਇਆ ਸੀ, ਪਰ ਓਦੋਂ ਕੋਵਿਡ ਦੀ ਲਾਗ ਰੋਕਣ ਲਈ ਬ੍ਰਿਟੇਨ ਵਿੱਚ ਸਖ਼ਤ ਲਾਕਡਾਊਨ ਲਾਗੂ ਸੀ ਤੇ ਘਰ ਵਿੱਚਹੁੰਦੇ ਸਮਾਗਮਾਂ ਵਿੱਚ ਦੋ ਤੋਂ ਵੱਧ ਲੋਕਾਂ ਨੂੰ ਸ਼ਾਮਲ ਹੋਣ ਦੀ ਇਜਾਜ਼ਤ ਨਹੀਂ ਸੀ। ਇਹ ਪ੍ਰੋਗਰਾਮ ਉਸ ਦਿਨ ਲੋਕਲ ਸਮੇਂ ਅਨੁਸਾਰ ਦੁਪਹਿਰ 2 ਵਜੇ ਤੋਂ ਬਾਅਦ ਡਾਊਨਿੰਗ ਸਟ੍ਰੀਟ ਦੇ ਕੈਬਨਿਟ ਰੂਮ ਵਿੱਚ ਕੀਤਾ ਗਿਆ। ਜਾਨਸਨ ਨੂੰ ਸਰਪ੍ਰਾਈਜ਼ ਦੇਣ ਲਈ ਇਹ ਸਮਾਗਮ ਉਸ ਦੀ ਉਸ ਸਮੇਂ ਦੀ ਮੰਗੇਤਰ ਅਤੇ ਅਜੋਕੀ ਪਤਨੀ ਕੈਰੀ ਸਾਇਮੰਡਸ ਨੇ ਕੀਤਾ ਸੀ।ਬੋਰਿਸ ਜਾਨਸਨ ਹਟਫੋਰਡਸ਼ਾਇਰ ਦੇ ਸਕੂਲ ਦਾ ਦੌਰਾ ਕਰਕੇ ਮੁੜੇ ਸਨ। 10 ਡਾਊਨਿੰਗ ਸਟ੍ਰੀਟ ਦੇ ਬੁਲਾਰੇ ਨੇ ਕਿਹਾ ਕਿ ਪ੍ਰਧਾਨ ਮੰਤਰੀ ਦਫ਼ਤਰ ਦਾ ਕੰਮ ਕਰਦੇ ਲੋਕ ਮੀਟਿੰਗ ਪਿੱਛੋਂ ਥੋੜ੍ਹਾ ਸਮਾਂ ਕੈਬਨਿਟ ਰੂਮ ਵਿੱਚ ਇਕੱਠੇ ਹੋਏ ਤੇ ਪ੍ਰਧਾਨ ਮੰਤਰੀ ਨੂੰ ਹੈਪੀ-ਬਰਥਡੇ ਕਹਿ ਕੇ ਜਨਮਦਿਨ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ। ਪ੍ਰਧਾਨ ਮੰਤਰੀ ਉੱਥੇ 10 ਮਿੰਟ ਤੋਂ ਘੱਟ ਸਮਾਂ ਰਹੇ। ਆਈਟੀਵੀ ਦੀ ਰਿਪੋਰਟ ਮੁਤਾ-ਬਕ ਨਿਯਮਾਂ ਦੀ ਸਾਫ ਉਲੰਘਣਾ ਕਰ ਕੇ ਉਸੇ ਸ਼ਾਮ ਪ੍ਰਧਾਨ ਮੰਤਰੀ ਦਫ਼ਤਰ ਵਿੱਚ ਪਰਿਵਾਰਕ ਦੋਸਤਾਂ ਦਾ ਸਵਾਗਤ ਵੀ ਕੀਤਾ ਗਿਆ, ਪਰ ਡਾਊਨਿੰਗ ਸਟ੍ਰੀਟ (ਪ੍ਰਧਾਨ ਮੰਤਰੀ ਦਫਤਰ) ਨੇ ਇਸ ਦਾ ਖੰਡਨ ਕਰਦੇ ਹੋਏ ਕਿਹਾ ਕਿ ਬਿਲਕੁਲ ਗਲਤ ਹੈ, ਪ੍ਰਧਾਨ ਮੰਤਰੀ ਨੇ ਨਿਯਮਾਂ ਦੀ ਪਾਲਣਾ ਕਰਦੇ ਹੋਏ ਉਸ ਸ਼ਾਮ ਪਰਿਵਾਰ ਦੇ ਕੁਝ ਮੈਂਬਰਾਂ ਨਾਲ ਪਾਰਟੀ ਕੀਤੀ ਸੀ।

ਬ੍ਰਿਟੇਨ ਦੇ ਕਈ ਮੰਤਰੀਆਂ ਨੇ ਪ੍ਰਧਾਨ ਮੰਤਰੀ ਦੀ ਤਾਰੀਫ ਕੀਤੀ ਹੈ, ਪਰ ਵਿਰੋਧੀਆਂ ਦਾ ਹਮਲਾ ਜਾਰੀ ਹੈ।ਦੇਸ਼ ਦੇ ਟਰਾਂਸਪੋਰਟ ਮੰਤਰੀ ਗ੍ਰਾਂਟ ਸ਼ੈਪਸ ਨੇ ਸਕਾਈ ਨਿਊਜ਼ ਨੂੰ ਕਿਹਾ ਕਿ ਇਹ ਸੁਭਾਵਕ ਸੀ ਕਿ ਪ੍ਰਧਾਨ ਮੰਤਰੀ ਦਾ ਜਨਮ ਦਿਨ ਸੀ ਅਤੇ ਉਸ ਨੂੰ ਕੇਕ ਭੇਂਟ ਕੀਤਾ ਗਿਆ, ਜਿਸ ਦੀਆਂ ਫੋਟੋ ਅਖ਼ਬਾਰ ਵਿੱਚ ਹਨ।ਉਸ ਨੇ ਦੁਹਰਾਇਆ ਕਿ ਇਹ ਫ਼ੈਸਲਾ ਕਰਨਾ ਸੀਨੀਅਰ ਅਫਸਰ ਸੂ ਗ੍ਰੇ ਉੱਤੇ ਨਿਰਭਰ ਹੈ ਕਿ ਇਹ ਠੀਕ ਸੀ ਜਾਂ ਨਹੀਂ। ਗ੍ਰੇ ਪਾਰਟੀਗੇਟ ਦੇ ਦੋਸ਼ਾਂ ਦੀ ਜਾਂਚ ਦੀ ਅਗਵਾਈ ਕਰ ਰਹੇ ਹਨ।ਉਨ੍ਹਾਂ ਦੀ ਰਿਪੋਰਟ ਹਫ਼ਤੇ ਦੇ ਅੰਤ ਤੱਕ ਆ ਸਕਦੀ ਹੈ।ਵਿਰੋਧੀ ਲੇਬਰ ਪਾਰਟੀ ਦੇ ਨੇਤਾ ਸਟਾਰਮਰ ਨੇ ਤਾਜ਼ਾ ਖੁਲਾਸਿਆਂ ਦੇ ਕਾਰਨ ਬੋਰਿਸ ਜਾਨਸਨ ਤੋਂਇੱਕ ਵਾਰ ਫਿਰ ਅਸਤੀਫੇ ਦੀ ਮੰਗ ਕੀਤੀ ਹੈ। ਸਟਾਰਮਰ ਨੇ ਕਿਹਾ ਕਿ ਪ੍ਰਧਾਨ ਮੰਤਰੀ ਇੱਕ ਰਾਸ਼ਟਰੀ ਰੁਕਾਵਟ ਹਨ ਅਤੇ ਉਨ੍ਹਾਂ ਨੂੰ ਜਾਣਾ ਪਵੇਗਾ।

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Call Rick or Manminder Cheema: 416.749.9596 / 416.951.6431
Towing Service Car Paint Starts $799* upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd. #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

NEED A LAWYER ??
KAUR LAW OFFICE
Red Seal NOTARY
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
IMMIGRATION
• Skilled Worker Category
• Spousal & Family Sponsorship
• Student Permits Visa & Renewals
• PR Renewal/ Citizenship Application
WILLS & ESTATE
• Wills
• Certificate of Estate Trustee with/without Will
• Power of attorney for Property & Personal Care
MANJEET KAUR
LL.B., (London UK)
Barrister, Solicitor & Notary Public
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

Grand Upholstery Ltd
Sofa Company Originality in Every Piece
Special on Sale
• ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
• ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
• ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
• ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 williams Pkway unit #45, Brampton, ON L6S 5T4 Email: grandupholsery@gmail.com

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh |
| Photographer | Kanwaljit Singh Kanwal |
| Distributer | Aman Warraich |
| Marketing: | Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਸੁਹਾਗਣ ਜਾਂ ਅਭਾਗਣ

ਤੇਰੇ ਕੋਲੋਂ ਸ਼ੀਟ ਤੇ ਹੇਠਾਂ ਹੋ ਕੇ ਨਹੀਂ ਬੈਠਾ ਜਾਂਦਾ ਕਿੱਢੀ ਸਿਰੀ ਕੱਢੀ ਬਾਹਰ। ਧੌਣ ਨੀਵੀਂ ਕਰਕੇ ਬਹਿ.... ਜੇਹੜੇ ਤੂੰ ਬੇਗਾਨੇ ਬੰਦੇ ਝਾਕਦੀ ਨਾ ਤੈਨੂੰ ਘਰ ਜਾ ਕੇ ਦੱਸਦਾ ਪਤਾ... ਕਿਵੇਂ ਬੈਠੀ ਦਾ ਮੋਟਰਸਾਈਕਲ ਤੇ। ਏਨਾਂ ਸੁਣਦੇ ਹੀ ਹਰਵੰਤ ਦਾ ਕਾਲਜਾ ਕੰਬਣ ਲੱਗ ਗਿਆ। ਉਹ ਕੁਝ ਬੋਲ ਨਾ ਸਕੀ। ਬਸ ਜਿੰਨਾ ਸੁੰਗੜ ਕੇ ਬੈਠ ਸਕਦੀ ਸੀ, ਬੈਠ ਗਈ, ਤੁਰਦੇ ਗਏ ਤਾਂ ਅੱਗੇ ਫਾਟਕ ਬੰਦ ਸੀ..... ਹਰਵੰਤ ਨੂੰ ਮੋਟਰਸਾਇਕਲ ਤੇ ਸੁੰਗੜ ਕੇ ਬੈਠੀ ਨੂੰ ਵੇਖ ਲਾਗੇ ਖਲੋਤੇ ਲੋਕ ਹੱਸਣ ਜਿਹਾ ਲੱਗੇ। ਹੱਸਦੇ ਵੀ ਕਿਉਂ ਨਾ ਉਹ ਬੈਠੀ ਹੀ ਏਦਾਂ ਸੀ ਕਿ ਵੇਖਣ ਵਾਲੇ ਦਾ ਆਪ ਮੁਹਾਰੇ ਹਾਸਾ ਨਿਕਲ ਜਾਵੇ।

ਗੁਲਜ਼ਾਰ ਸਿੰਘ ਨੇ ਆਸਾ ਪਾਸਾ ਭਾਂਪ ਲਿਆ, ਏਨੇ ਨੂੰ ਰੇਲਗੱਡੀ ਆਈ ਤੇ ਸਾਰਿਆਂ ਨੇ ਪਹਿਲਾਂ ਈ ਆਪਣੇ ਆਪਣੇ ਵਾਹਨਾਂ ਨੂੰ ਰੇਸ ਦੇਣੀ ਸ਼ੁਰੂ ਕਰ ਦਿੱਤੀ,ਫਾਟਕ ਖੁੱਲ੍ਹ ਗਿਆ, ਸਾਰੇ ਰਾਹੀ ਇੱਕ ਦੂਜੇ ਤੋਂ ਪਹਿਲਾਂ ਲੰਘਣ ਦੀ ਆੜ ਵਿੱਚ ਸਨ, ਚਲੋ ਫਾਟਕ ਪਾਰ ਕੀਤਾ ਤੇ ਸਾਰੇ ਆਪੋ ਆਪਣੇ ਰਸਤੇ ਨੂੰ ਪੈ ਗਏ। ਪੱਧਰੇ ਰਸਤੇ ਤੇ ਪੈਂਦਿਆਂ ਹੀ ਗੁਲਜ਼ਾਰ ਸਿੰਘ ਕਹਿਣ ਲੱਗਾ, ਜਿਹੜਾ ਤੂੰ ਲੋਕਾਂ ਨਾਲ ਮਸ਼ਕਰੀਆਂ ਵਿੱਚ ਹੱਸਦੀ ਏ ਨਾ, ਘਰ ਚੱਲ ਤੇਰੇ ਲੱਛਣ ਮੈਂ ਹਟਾਉਂਦਾ। ਘਰ ਪਹੁੰਚਦਿਆਂ ਹੀ ਉਸਨੇ ਤੂਤ ਦੀ ਛਮਕ ਫੜੀ ਤੇ ਉਸਦਾ ਸਾਰਾ ਪਿੰਡਾ ਆਲੂ ਵਾਂਗ ਛਿਲ ਦਿੱਤਾ।

ਹਰਵੰਤ ਇੱਕ ਬਹੁਤ ਭਲੀਮਾਣਸ ਜਨਾਨੀ ਸੀ, ਰੱਬ ਨੇ ਕਰਮਾਮਾਰੀ ਨੂੰ ਹੁਸਨ ਤਾਂ ਰੱਜ ਕੇ ਦਿੱਤਾ, ਪਰ ਹੁਸਨ ਹੰਢਾ ਸਕੇ ਉਹ ਕਿਸਮਤ ਦੇਣੀ, ਭੁੱਲ ਗਿਆ। ਉਸਦਾ ਰੰਗ ਚਿੱਟਾ ਦੁੱਧ ਸੀ, ਮਾਪਿਆਂ ਦੀ ਵੱਡੀ ਧੀ ਹੱਥ ਲਾਇਆਂ ਵੀ ਮੈਲੀ ਹੁੰਦੀ ਸੀ। ਪਤਲਾ ਪਤੰਗ ਸਰੀਰ ਤੇ ਤਿੱਖੇ ਨੈਣ ਨਕਸ਼, ਏਨੀ ਸਨੁੱਖੀ ਕਿ ਕਿਸੇ ਦੇ ਮੱਥੇ ਨਾ ਲੱਗਦੀ, ਜਿਹੜਾ ਆਉਂਦਾ ਹੱਸ ਕੇ ਹਰਵੰਤ ਦੀ ਮਾਂ ਨੂੰ ਕਹਿ ਜਾਂਦਾ ਨੀ ਭੈਣਜੀ ਹਰਵੰਤ ਦਾ ਫਿਕਰ ਨਾ ਕਰਿਆ ਕਰ ਇਹਦੇ ਤੇ ਰੂਪ ਨੂੰ ਵੇਖ ਈ ਕੋਈ ਤਕੜਾ ਸਾਕ ਹੋ ਜਾਣਾ। ਲੋਕਾਂ ਦੀਆਂ ਗੱਲਾਂ ਸੁਣ ਹਰਵੰਤ ਦੀ ਮਾਂ ਵੀ ਖੁਸ਼ ਹੋ ਜਾਂਦੀ ਤੇ ਹਰਵੰਤ ਵੀ ਸੋਚਦੀ ਸ਼ਾਇਦ ਸੱਚੀ ਉਸ ਲਈ ਕੋਈ ਰਾਜਕੁਮਾਰ ਹੀ ਆਉ। ਹਰਵੰਤ ਦਾ ਘਰ ਬਾਰ ਏਨਾ ਖਾਸ ਤਾਂ ਨਹੀਂ ਸੀ , ਪਰ ਪਿਉ ਦੀ ਡੂਡ ਕੁ ਕਿੱਲਾ ਪੈਲੀ ਹੋਣ ਕਰਕੇ ਚੰਗਾ ਡੰਗ ਸਾਰੀ ਜਾਦੇਂ ਸਨ। ਬਾਰਵੀਂ ਤੋਂ ਬਾਅਦ ਹਰਵੰਤ ਪ੍ਰਾਈਵੇਟ ਬੀ. ਏ ਵੀ ਕਰੀ ਜਾਂਦੀ ਸੀ, ਆਪਣੀ ਪੜਾਈ ਦਾ ਖਰਚਾ ਉਹ ਟਿਊਸ਼ਨ ਪੜ੍ਹਾ ਕੇ ਕੱਢ ਲੈਂਦੀ, ਵਧੀਆ ਸਮਾਂ ਗੁਜ਼ਰ ਰਿਹਾ ਸੀ, ਅਚਾਨਕ ਹਰਵੰਤ ਦੇ ਪਿਤਾ ਦੀ ਸਿਹਤ ਬਹੁਤ ਖਰਾਬ ਹੋ ਗਈ, ਡਾਕਟਰਾਂ ਨੇ ਉਸਨੂੰ ਹਾਰਟ ਅਟੈਕ ਦੀ ਸ਼ਕਾਇਤ ਦੱਸੀ, ਹੁਣ ਘਰ ਦੇ ਖਰਚੇ ਦੇ ਨਾਲ ਨਾਲ ਪਿਉ ਦੀ ਬਿਮਾਰੀ ਦਾ ਖਰਚਾ ਵੀ ਸਿਰ ਆਣ ਪਿਆ। ਭਰਾ ਤੇ ਇੱਕ ਛੋਟੀ ਭੈਣ ਹਾਲੇ ਸਕੂਲ ਹੀ ਜਾਂਦੇ ਸਨ, ਘਰ ਵਿੱਚ ਕਾਫੀ ਤੰਗੀ ਆ ਗਈ, ਹਰਵੰਤ ਦਾ ਪਿਉ ਵੀ ਜਿਆਦਾ ਟਿੱਲਾ ਮੱਠਾ ਰਹਿਣ ਲੱਗਾ। ਜਿਹੜਾ ਵੀ ਭੈਣ ਭਰਾ ਹਰਵੰਤ ਦੇ ਪਿਉ ਦਾ ਪਤਾ ਲੈਣ ਆਉਂਦਾ,ਇਕੋ ਸਲਾਹ ਦਿੰਦਾ, ਵੇਖ ਭਾਈ ਰੱਬ ਤੈਨੂੰ ਤੰਦਰੁਸਤੀ ਬਖਸ਼ੇ, ਪਰ ਸਵਾਸਾਂ ਦਾ ਤਾਂ ਘੜੀ ਦਾ ਨਹੀਂ ਪਤਾ, ਜਵਾਨ ਧੀ ਏ, ਕੋਈ ਘਰ ਲੱਭ ਤੇ ਹਰਵੰਤ ਦਾ ਭਾਰ ਹੋਲਾ ਕਰ, ਪੜੀ ਲਿਖੀ ਏ ਸੋਹਣੀ ਸਨੁੱਖੀ ਵੀ ਰੱਜ ਕੇ ਏ ਹੱਸ ਕੇ ਕਿਸੇ ਵੀ ਸਾਕ ਲੈ ਜਾਣਾ। ਹਰਵੰਤ ਦੇ ਮਾਂ ਬਾਪ ਨੇ ਆਪਸ ਵਿੱਚ ਸਲਾਹ ਕੀਤੀ ਤੇ ਰਿਸ਼ਤੇਦਾਰਾਂ ਨੂੰ ਹਰਵੰਤ ਲਈ ਰਿਸ਼ਤਾ ਲੱਭਣ ਲਈ ਕਿਹਾ। ਇੱਕ ਦੋ ਥਾਂ ਦੱਸ ਪਈ , ਪਰ ਕਿਸੇ ਨੂੰ ਜਚਿਆ ਨਹੀਂ, ਫਿਰ ਇੱਕ ਦਿਨ ਹਰਵੰਤ ਦੀ ਦੂਰ ਦੀ ਮਾਸੀ ਇੱਕ ਰਿਸ਼ਤਾ ਲੈਕੇ ਆਈ, ਮੁੰਡਾ ਦੁਬਈ ਰਹਿੰਦਾ ਸੀ, ਅੱਠ ਕਿੱਲੇ ਜਮੀਨ ਦੇ ਵੀ ਸੀ, ਮੁੰਡਾ ਵੀ ਕੱਲਾ ਕੱਲਾ ਸੀ, ਘਰਦਿਆਂ ਨੂੰ ਘਰਬਾਰ ਤਾਂ ਠੀਕ ਲੱਗਾ, ਸੋਚਿਆ ਮੁੰਡੇ ਨੂੰ ਵੀ ਝਾਤੀ ਮਾਰ ਲਈਏ, ਮੁੰਡਾ ਵੇਖਣ ਗਏ ਤਾਂ ਮੁੰਡਾ ਪੱਕੇ ਰੰਗ ਸੀ, ਕੋਈ ਬਾਹਲੀ ਫੱਬਤ ਵੀ ਨਹੀਂ ਸੀ, ਹਰਵੰਤ ਦੇ ਪਿਉ ਨੂੰ ਮੁੰਡਾ ਨਾ ਜਚਿਆ । ਜਦੋਂ ਘਰ ਆਕੇ ਸਲਾਹ ਕੀਤੀ ਤਾਂ ਵਿਚੋਲਣ ਕਹਿਣ ਲੱਗੀ " ਅੱਠ ਕਿੱਲੇ ਮੂੰਹ ਨਾ ਆਖਣੇ.... ਕੋਈ ਮਾਖੌਲ ਥੋੜੀ ਆ.... ਰੰਗ ਨੂੰ ਕੀ ਕਰਨਾ..... ਕੁੜੀ ਸੁੱਖ ਭੋਗੂ। ਇਸ ਤਰ੍ਹਾਂ ਗੱਲਾਂ ਚ ਲਾ ਕੇ ਕੁੜੀ ਮੁੰਡੇ ਨੂੰ ਵਿਖਾਉਣ ਦਾ ਦਿਨ ਮਿਥਿਆ ਗਿਆ। ਜਦ ਹਰਵੰਤ ਨੇ ਪਹਿਲੀ ਵਾਰ ਗੁਲਜ਼ਾਰ ਨੂੰ ਵੇਖਿਆ ਤਾਂ ਵਿਆਹ ਨੂੰ ਲੈਕੇ ਸਜਾਏ ਸਾਰੇ ਸੁਪਨੇ ਬਿਖਰਦੇ ਜਿਹੇ ਨਜ਼ਰ ਆਏ।ਪਿਉ ਦੀ ਬਿਮਾਰੀ ਦੇ ਚਲਦਿਆਂ ਉਹ ਆਪਣੇ ਦਿਲ ਦੀ ਗੱਲ ਰੱਖ ਸਕੇ , ਉਸ ਲਈ ਦਿਲ ਨਹੀਂ ਸੀ ਮੰਨਦਾ। ਆਖਰਕਾਰ



ਹਰਕੀਰਤ ਕੌਰ
9779118066

ਹਰਵੰਤ ਦਾ ਵਿਆਹ ਗੁਲਜ਼ਾਰ ਸਿੰਘ ਨਾਲ ਹੋ ਗਿਆ। ਕੋਈ ਏਡਾ ਵੱਡਾ ਵਿਆਹ ਨਹੀਂ ਸੀ, ਹਰਵੰਤ ਦੇ ਪਿਉ ਨੇ ਬਸ ਡੰਗ ਈ ਸਾਰਿਆਂ ਸੀ। ਅੱਜ ਹਰਵੰਤ ਦੇ ਵਿਆਹ ਦੀ ਪਹਿਲੀ ਰਾਤ ਸੀ, ਗੁਲਜ਼ਾਰ ਸ਼ਰਾਬ ਨਾਲ ਰੱਜਿਆ ਕਮਰੇ ਵਿੱਚ, ਸ਼ਰਾਬ ਦੀ ਬੋ ਨਾਲ ਹਰਵੰਤ ਦਾ ਸਾਹ ਨਹੀਂ ਸੀ ਨਿਕਲ ਰਿਹਾ। ਔਖੇ ਸੌਖੇ ਰਾਤ ਕੱਢੀ ਸਵੇਰੇ ਆਪਣਾ ਆਪ ਸਮੇਟਿਆ ਤੇ ਨਹਾ ਧੋ ਤਿਆਰ ਹੋ ਗਈ। ਅੱਜ ਦਾਜ ਦਾ ਵਖਾਲਾ ਪਾਉਣਾ ਸੀ, ਕੋਈ ਖਾਸ ਸੋਹਣਾ ਲੀੜਾ ਲੱਤਾ ਨਹੀਂ ਸੀ ਉਸ ਵਿੱਚ । ਹਰਵੰਤ ਦੀ ਸੱਸ ਮੂੰਹ ਨੱਕ ਜਿਹਾ ਮਰੋੜ ਦੀ, ਕਹਿੰਦੀ, ਗੋਰਾ ਚਮ ਈ ਏ ਪੱਲੇ ਕਰਤੂਤ ਨਹੀਂ ਕੋਈ। ਹੋਰ ਬੁਢੀਆਂ ਵਿੱਚ ਹਰਵੰਤ ਦਾ ਮਜ਼ਾਕ ਜਿਹਾ ਬਣਾ , ਸੱਸ ਸਾਰਿਆਂ ਨੂੰ ਭਾਜੀ ਦੇਣ ਸਬਾਤ ਵੱਲ ਹੋ ਤੁਰੀ। ਹਰਵੰਤ ਨੇ ਏਦਾਂ ਦਾ ਵਿਵਹਾਰ ਕਦੇ ਨਹੀਂ ਸੀ ਵੇਖਿਆ, ਉਸਨੂੰ ਸਾਰੇ ਬਹੁਤ ਰੁੱਖੇ ਰੁੱਖੇ ਲੱਗੇ । ਹਾਲੇ ਸੱਸ ਬੋਲ ਕੇ ਹਟੀ ਹੀ ਸੀ ਕਿ ਗੁਲਜ਼ਾਰ ਸਿੰਘ ਆ ਕੇ ਹਰਵੰਤ ਦੇ ਦੁਆਲੇ ਹੋ ਗਿਆ, ਅੱਠ ਕਿੱਲੇ ਆਉਂਦੇ ਮੈਨੂੰ ਇੱਕ ਕੜਾ ਵੀ ਨਾ ਸਰਿਆ ਫਕੀਰਾਂ ਕੋਲੋ। ਹਰਵੰਤ ਬੁੱਤ ਬਣੀ ਸਭ ਸੁਣੀ ਜਾ ਰਹੀ ਸੀ। ਅਗਲੇ ਦਿਨ ਹਰਵੰਤ ਨੇ ਫੇਰਾ ਪਾਉਣ ਜਾਣਾ ਸੀ।ਧੀਆਂ ਵਿਆਹ ਤੋਂ ਅਗਲੇ ਦਿਨ ਈ ਬਹੁਤ ਸਿਆਣੀਆਂ ਹੋ ਜਾਂਦੀਆਂ। ਹਰਵੰਤ ਨੇ ਵੀ ਸਾਰਾ ਕੁਝ ਢਿੱਡ ਵਿੱਚ ਪਾਇਆ ਤੇ ਹੱਸਦੀ ਹੱਸਦੀ ਪੇਕੇ ਫੇਰਾ ਪਾ ਆਈ। ਮਾਂ ਨੇ ਸਹੁਰੇ ਘਰ ਬਾਰੇ ਪੁੱਛਿਆ ਤਾਂ ਹਰਵੰਤ ਨੇ ਸ਼ਿਫਤਾਂ ਕਰਨ ਵਿੱਚ ਕੋਈ ਕਸਰ ਨਾ ਛੱਡੀ। ਧੀ ਦੀਆਂ ਗੱਲਾਂ ਸੁਣ ਮਾਂ ਪਿਉ ਦੇ ਕਾਲਜੇ ਠੰਡ ਪੈ ਗਈ। ਹੁਣ ਹਰਵੰਤ ਵਾਪਿਸ ਆਪਣੇ ਸਹੁਰੇ ਘਰ ਆ ਗਈ । ਆਉਂਦਿਆਂ ਹੀ ਉਸਨੂੰ ਰਸੋਈ ਚਾੜ੍ਹ ਦਿੱਤਾ ਗਿਆ। ਸਾਰਾ ਦਿਨ ਘਰ ਦਾ ਕੰਮ ਕਰਦੀ ਹਰਵੰਤ ਆਪਣੀ ਕਿਸਮਤ ਨੂੰ ਰੋਂਦੀ, ਰਾਤ ਨੂੰ ਗੁਲਜ਼ਾਰ ਆਪਣੀ ਹਵਸ਼ ਪੂਰੀ ਕਰਦਾ। ਸਾਲ ਦੇ ਅੰਦਰ ਅੰਦਰ ਹੀ ਹਰਵੰਤ ਦਾ ਪਿਤਾ ਅਕਾਲ ਚਲਾਣਾ ਕਰ ਗਿਆ, ਹਰਵੰਤ ਤੇ ਜਿਵੇਂ ਦੁੱਖਾਂ ਦਾ ਪਹਾੜ ਟੁੱਟ ਗਿਆ ਹੋਵੇ। ਉਹ ਪਿਉ ਦੀ ਬਿਮਾਰੀ ਤੇ ਘਰ ਦੇ ਹਾਲਾਤ ਵੇਖਦਿਆਂ ਕਦੇ ਆਪਣੇ ਦਿਲ ਦੀ ਗੱਲ ਕਿਸੇ ਨੂੰ ਨਾ ਦੱਸੀ। ਆਪਣੀ ਹੱਡੀ ਹੰਢਾਉਂਦੀ ਉਹ ਦਿਨ ਪੂਰੇ ਕਰ ਰਹੀ ਸੀ। ਹਾਲੇ ਪਿਉ ਦਾ ਸੰਸਕਾਰ ਹੀ ਹੋਇਆ ਤੇ ਗੁਲਜ਼ਾਰ ਸਿੰਘ ਨੇ ਘਰ ਜਾਣ ਦੀ ਕਾਹਲੀ ਪਾ ਦਿੱਤੀ। ਉਹ ਹਰਵੰਤ ਨੂੰ ਵੀ ਨਾਲ ਹੀ ਲੈਕੇ ਜਾਣ ਦੀ ਤਾਕ ਵਿੱਚ ਸੀ, ਪਰ ਲੋਕਾਂ ਦਾ ਭੈਅ ਰੱਖਦਾ ਕੁਝ ਕਹਿ ਨਾ ਸਕਿਆ । ਇੱਕ ਦੋ ਦਿਨ ਰੁਕਣ ਤੋਂ ਬਾਅਦ ਜਦੋਂ ਹਰਵੰਤ ਵਾਪਿਸ ਸਹੁਰੇ ਗਈ ਤਾਂ ਦੋਵੇਂ ਮਾਂ ਪੁੱਤਾਂ ਦੇ ਮੂੰਹ ਬਣੇ ਵੇਖ, ਹਰਵੰਤ ਸਮਝ ਗਈ ਕਿ ਉਹ ਇਸ ਨਾਲ ਪੇਕੇ ਰਹਿਣ ਕਰਕੇ ਗੁੱਸੇ ਹਨ। ਗੁਲਜ਼ਾਰ ਨੇ ਹਰਵੰਤ ਨੂੰ ਆਉਂਦਿਆਂ ਬਾਹੋਂ ਫੜਿਆ ਤੇ ਧੂੰਹ ਕੇ ਕੰਧ ਨਾਲ ਮਾਰਿਆ, ਹਰਵੰਤ ਦੀਆਂ ਚੀਕਾਂ ਲਾਗਲੇ ਗਲੀ ਗਵਾਂਢ ਵੀ ਸੁਣ ਗਈਆਂ,

ਗੁਲਜ਼ਾਰ ਨੂੰ ਵੇਖ ਹਰਵੰਤ ਦੇ ਸੀਨੇ ਤੇ ਭਾਬੜ ਮਚ ਰਹੇ ਸਨ, ਜਿਵੇਂ ਕਹਿ ਰਹੀ ਹੋਵੇ " ਵੇ ਕਸਾਈਆਂ ਆਪਣੇ ਪਿਉ ਵਰਗੇ ਸਹੁਰੇ ਦਾ ਸਿਵਾ ਤਾਂ ਠੰਡਾ ਹੋ ਲੈਣ ਦੇ , ਤੂੰ ਇਹਨਾਂ ਕਰਮਾਂ ਦਾ ਫਲ ਕਿੱਥੇ ਦੇਵੇਂਗਾ

ਹਰਵੰਤ ਰੂਪੋ ਕਰੂਪ ਹੋ ਗਈ ਸੀ, ਤਰ੍ਹਾਂ ਤਰ੍ਹਾਂ ਦੀਆਂ ਦੂਸ਼ਣਬਾਜੀਆਂ ਸਹਿੰਦੀ, ਮਾਰ ਕੁੱਟ ਜਰਦੀ ਹਰਵੰਤ ਨੇ ਇੱਕ ਧੀ ਨੂੰ ਜਨਮ ਦਿੱਤਾ, ਜਿਸ ਕਰਕੇ ਉਸ ਨਾਲ ਹੋਰ ਵੀ ਬੁਰਾ ਵਿਵਹਾਰ ਹੋਣ ਲੱਗਾ। ਉਸ ਨੂੰ ਕੁਲਹੈਣੀ ਕਹਿ ਕੇ ਪੁਕਾਰਿਆ ਜਾਣ ਲੱਗਾ। ਇੱਕ ਦਿਨ ਏਦਾਂ ਦਾ ਵੀ ਆਇਆ ਕਿ ਗੁਲਜ਼ਾਰ ਨੇ ਸ਼ਰਾਬ ਦੇ ਨਸ਼ੇ ਵਿੱਚ ਆ ਕੇ ਆਪਣੀ ਨਿੱਕੀ ਜਿੰਨੀ ਜਵਾਕੜੀ ਨੂੰ ਮੰਜੇ ਤੋਂ ਥੱਲੇ ਭੁੰਆ ਕੇ ਮਾਰਿਆ, ਹਰਵੰਤ ਦੀ ਵੇਖਦੇ ਸਾਰ ਹੀ ਜਾਨ ਨਿਕਲ ਗਈ। ਹਰਵੰਤ ਨੂੰ ਗੁਲਜ਼ਾਰ ਇਨਸਾਨ ਨਹੀਂ ਹੈਵਾਨ ਲੱਗਦਾ ਸੀ। ਪਹਿਲਾਂ ਉਹ ਘਰੋਂ ਬਾਹਰ ਰਹਿ ਕੇ ਨਸ਼ਾ ਕਰਦਾ ਸੀ, ਪਰ ਹੁਣ ਉਹ ਆਪਣੇ ਸ਼ਰਾਬੀ ਯਾਰਾਂ ਨੂੰ ਘਰ ਲਿਆਉਣ ਲੱਗਾ, ਉਸਦੇ ਯਾਰ ਹਰਵੰਤ ਵੱਲ ਗੰਦੀ ਨਜ਼ਰ ਨਾਲ ਵੇਖਦੇ। ਹਰਵੰਤ ਜਦੋਂ ਕਦੇ ਸਬਜ਼ੀ ਭਾਜੀ ਫੜਾਉਣ ਜਾਂਦੀ ਤਾਂ ਉਸਦੇ ਯਾਰ ਉਸਦੇ ਹੱਥਾਂ ਨਾਲ ਛੇੜ ਛਾੜ ਕਰ ਜਾਂਦੇ। ਹਰਵੰਤ ਏ ਸਭ ਸਹਿਣ ਨਹੀਂ ਸੀ ਕਰ ਪਾ ਰਹੀ, ਇੱਕ ਦਿਨ ਉਸਨੇ ਹਾਰ ਕੇ ਗੁਲਜ਼ਾਰ ਨੂੰ ਇਹ ਗੱਲ ਦੱਸ ਹੀ ਦਿੱਤੀ ਕਿ ਉਸਦੇ ਯਾਰ ਮੇਰੇ ਉੱਤੇ ਗੰਦੀ ਨਜ਼ਰ ਰੱਖਦੇ ਹਨ, ਫਿਰ ਕੀ ਸੀ ਗੁਲਜ਼ਾਰ ਤੇ ਉਸਦੀ ਮਾਂ ਨੂੰ ਤਾਂ ਇੱਕ ਨਵਾਂ ਬਹਾਨਾ ਮਿਲ ਗਿਆ ਸੀ ਹਰਵੰਤ ਨੂੰ ਤੰਗ ਕਰਨ ਦਾ, ਹੁਣ ਗੁਲਜ਼ਾਰ ਰੋਜ ਲਾਹਣ ਡੱਫ ਕੇ ਆਪਣੇ ਯਾਰਾ ਦੇ ਸਾਹਮਣੇ ਹਰਵੰਤ ਦੀ ਮਾਰ ਕੁਟਾਈ ਕਰਦਾ। ਹਰਵੰਤ ਦੀ ਕੁੜੀ ਪੰਜਾਂ ਛੇਆਂ ਸਾਲਾਂ ਦੀ ਹੋ ਚੁੱਕੀ ਸੀ, ਉਹ ਅੰਦਰ ਦਰਵਾਜ਼ੇ ਵਿੱਚ ਲੁਕ ਕੇ ਸਭ ਵੇਖਦੀ ਰਹਿੰਦੀ। ਇੱਕ ਦਿਨ ਹਰਵੰਤ ਦੀ ਸੱਸ ਗੁਸਲਖਾਨੇ ਵਿਚੋਂ ਤਿਲਕ ਕੇ ਡਿੱਗ ਗਈ ਤੇ ਉਸਦੀ ਪੱਟ ਕੋਲੋ ਲੱਤ ਟੁੱਟ ਗਈ ਇੱਕ ਡਿਸਕ ਵੀ ਹਿੱਲ ਗਈ, ਉਹ ਹੁਣ ਮੰਜੇ ਵਸ ਹੋ ਗਈ, ਪਰ ਰੱਬ ਦੀ ਮੂਰਤ ਹਰਵੰਤ ਨੇ ਉਸਦੀ ਬਹੁਤ ਸੇਵਾ ਕਰਦੀ, ਹੁਣ ਵਿਚੋਂ ਵਿਚੋਂ ਸੱਸ ਨੂੰ ਆਪਣੇ ਕਰਮਾਂ ਤੇ ਪਛਤਾਪ ਹੋਣ ਲੱਗਾ, ਪਰ ਆਕੜ ਮਾਰੀ ਹਾਲੇ ਵੀ ਹਰਵੰਤ ਕੋਲੋਂ ਮੁਆਫ਼ੀ ਨਾ ਮੰਗਦੀ । ਮਾਂ ਦੀ ਦਿਨ ਰਾਤ ਸੇਵਾ ਕਰਦਾ ਵੇਖ ਵੀ ਗੁਲਜ਼ਾਰ ਦੇ ਵਿਵਹਾਰ ਵਿੱਚ ਰਤਾ ਫਰਕ ਨਾ ਪਿਆ। ਉਹ ਰੋਜ਼ ਆਉਂਦਾ ਤੇ ਹਰਵੰਤ ਦੇ ਹੱਡ ਸੇਕ ਫੇਰ ਈ ਰੋਟੀ ਖਾਂਦਾ। ਹਰਵੰਤ ਆਪਣੀ ਕਿਸਮਤ ਨੂੰ ਕੋਸਦੀ ਉਹਨਾਂ ਸੁੱਜੇ ਹੱਥਾਂ ਨਾਲ ਈਰਖਾ ਪਿੰਡੇ ਨੂੰ ਸੇਕ ਦਿੰਦੀ .. ਮਾਂ ਨੂੰ ਤੜਫ ਦਿਆਂ ਵੇਖ ਧੀ ਮਾਂ ਨੂੰ ਕਹਿ ਦਿੰਦੀ ਮਾਂ ਇਸ ਤੋਂ ਚੰਗਾ ਤੇ ਬਾਪੂ ਨਾ ਈ ਹੁੰਦਾ.... ਏਨਾ ਸੁਣ ਹਰਵੰਤ ਧੀ ਨੂੰ ਫਿਰ ਕਹਿੰਦੀ ਨਾ ਪੁੱਤ ਤੇਰਾ ਬਾਪ ਏ ਮੈ ਉਸਦੀ ਸੁਹਾਗਣ ਆ.... ਏਨਾ ਕਹਿ ਹਰਵੰਤ ਨੇ ਧੀ ਨੂੰ ਤਾਂ ਚੁੱਪ ਕਰਵਾ ਦਿੱਤਾ ਪਰ ਆਪ ਉਹ ਸਮਝ ਨਹੀਂ ਸੀ ਪਾ ਰਹੀ ਸੀ ਕਿ ਉਹ ਸੁਹਾਗਣ ਹੈ ਜਾਂ ਅਭਾਗਣ।

## ਰਸੋਈ ਡਰਾਈਫਰੂਟ ਦੀ ਪੰਜੀਰੀ



ਸਮੱਗਰੀ-20 ਗਰਾਮ ਗੌਂਦ, 20 ਗਰਾਮ ਬਾਦਾਮ, 20 ਗਰਾਮ ਚਿਰੌਂਜੀ, 20 ਗਰਾਮ ਕੱਦੂਕਸ ਕੀਤਾ ਹੋਇਆ ਨਾਰੀਅਲ, ਤੀਹ ਗਰਾਮ ਮਖਾਣੇ, ਵੱਡਾ ਚਮਚ ਪਿਸਤਾ, 20 ਗਰਾਮ ਕਿਸ਼ਮਿਸ਼, ਅੱਧਾ ਛੋਟਾ ਚਮਚ ਛੋਟੀ ਇਲਾਇਚੀ ਪਾਊਡਰ, ਇੱਕ ਛੋਟਾ ਚਮਚ ਜੀਰਾ, ਅੱਧਾ ਛੋਟਾ ਚਮਚ ਅਜਵਾਇਣ, ਬੂਰਾ ਖੰਡ ਸਵਾਦ ਅਨੁਸਾਰ, 150 ਗਰਾਮ ਦੇਸੀ ਘਿਓ।

ਵਿਧੀ- 100 ਗਰਾਮ ਘਿਓ ਕੜਾਈ ਵਿੱਚ ਪਾ ਕੇ ਗੌਂਦ ਨੂੰ ਭੁੰਨੋ। ਬਚੇ ਘਿਓ ਵਿੱਚ ਮਖਾਣੇ ਨੂੰ ਹਲਕੇ ਸੇਕ ਉੱਤੇ ਕਰਾਰਾ ਭੁੰਨ ਲਓ। ਗੌਂਦ ਨੂੰ ਮੋਟਾ ਮੋਟਾ ਕੁੱਟ ਲਓ ਅਤੇ ਮਖਾਣਿਆਂ ਨੂੰ ਦਰਦਰਾ। ਬਚੇ ਹੋਏ ਘਿਓ ਨੂੰ ਕੜਾਹੀ ਵਿੱਚ ਪਾਓ ਅਤੇ ਬਾਦਾਮ, ਚਿਰੌਂਜੀ ਤੇ ਪਿਸਤਾ ਭੁੰਨ ਕੇ ਕੱਢ ਲਓ। ਬਾਦਾਮ ਤੇ ਪਿਸਤਾ ਛੋਟੇ ਛੋਟੇ ਟੁਕੜਿਆਂ ਵਿੱਚ ਕੱਟ ਲਓ। ਉਸੇ ਘਿਓ ਵਿੱਚ ਜੀਰਾ ਤੇ ਅਜਵਾਇਣ ਭੁੰਨੋ ਅਤੇ ਫਿਰਮ ਨਾਰੀਅਲ ਪਾ ਕੇ ਇੱਕ ਮਿੰਟ ਭੁੰਨੋ। ਹੁਣ ਕਿਸ਼ਮਿਸ਼ ਵੀ ਪਾ ਦਿਓ। ਫਿਰ ਸਾਰੀ ਸਮੱਗਰੀ ਮਿਕਸ ਕਰੋ। ਠੰਢਾ ਹੋਣ ਉੱਤੇ ਬੂਰਾ ਖੰਡ ਤੇ ਛੋਟੀ ਇਲਾਇਚੀ ਪਾਊਡਰ ਮਿਲਾ ਦਿਓ। ਡਰਾਈ ਫਰੂਟ ਪੰਜੀਰੀ ਤਿਆਰ ਹੈ।

## ਹਲਕਾ ਫੁਲਕਾ

ਪਿਤਾ (ਬੇਟੇ ਨੂੰ ਫੋਨ ਉੱਤੇ), ''ਕਿੱਥੇ ਏਂ ਬੇਟਾ?''

ਬੇਟਾ, ''ਹੋਸਟਲ ਵਿੱਚ ਹਾਂ, ਪਾਪਾ, ਪ੍ਰੀਖਿਆਵਾਂ ਹੋਣ ਵਾਲੀਆਂ ਹਨ, ਇਸ ਲਈ ਦਿਨ-ਰਾਤ ਪੜ੍ਹ ਰਿਹਾ ਹਾਂ, ਵੈਸੇ ਤੁਸੀਂ ਕਿੱਥੇ ਹੋ?''

ਪਿਤਾ, ''ਬੇਟਾ, ਜਿਸ ਠੇਕੇ ਉੱਤੇ ਤੂੰ ਖੜ੍ਹਾ ਹੈਂ ਨਾ, ਮੈਂ ਵੀ ਠੀਕ ਤੇਰੇ ਪਿੱਛੇ ਖੜਾ ਹਾਂ।''

********

ਸ਼ਹਿਰ ਤੋਂ ਗਏ ਇੱਕ ਬਾਬੂ ਸਾਹਿਬ ਰਾਜਸਥਾਨ ਦੇ ਰੇਤਲੇ ਪਿੰਡ ਦੇ ਚੌਧਰੀ ਸਾਹਿਬ ਨੂੰ ਬੋਲੇ, ''ਮੈਂ ਇੱਥੇ ਗਰਾਮ ਸੇਵਾ ਕਰਨ ਆਇਆ ਹਾਂ। ਮੈਨੂੰ ਕੋਈ ਵੱਡਾ ਸਾਰਾ ਕੰਮ ਦੱਸੋ।''

''ਠੀਕ ਹੈ, ਸਭ ਤੋਂ ਪਹਿਲਾਂ ਤੁਸੀਂ ਸਾਹਮਣੇ ਖੜੇ ਇਸ ਊਠ ਨੂੰ ਨਵ੍ਹਾਓ।'' ਚੌਧਰੀ ਸਾਹਿਬ ਬੋਲੇ।

********

ਅਭੈ ਜ਼ੋਰ-ਜ਼ੋਰ ਨਾਲ ਆਪਣਾ ਵਿ-ਗਿਆਨ ਦਾ ਸਬਕ ਪੜ੍ਹ ਰਿਹਾ ਸੀ,



''ਜਦੋਂ ਸੇਬ ਦਰੱਖਤ ਤੋਂ ਹੇਠਾਂ ਡਿੱਗਿਆ ਤਾਂ ਨਿਊਟਨ ਬਹੁਤ ਹੈਰਾਨ ਹੋਇਆ।''

''ਇਸ ਵਿੱਚ ਹੈਰਾਨੀ ਦੀ ਕੀ ਗੱਲ ਸੀ? ਹੈਰਾਨੀ ਦੀ ਗੱਲ ਤਾਂ ਉਦੋਂ ਹੁੰਦੀ, ਜਦੋਂ ਸੇਬ ਹੇਠਾਂ ਤੋਂ ਉਪਰ ਜਾਂਦਾ।'' ਛੋਟੀ ਭੈਣ ਅੰਸ਼ੁਲਾ ਨੇ ਵਿਚਾਲੇ ਹੀ ਟੋਕ ਕੇ ਕਿਹਾ।

*******


ਪੁਲਸ ਵਾਲਾ, ''ਗੁਆਂਢੀ ਦੀ ਪਤਨੀ ਦੇ ਗੁੰਮ ਹੋ ਜਾਣ ਦੀ ਰਿਪੋਰਟ ਤੂੰ ਕਿਉਂ ਲਿਖਵਾ ਰਿਹੈਂ?''

ਆਦਮੀ, ''ਮੈਂ ਉਸ ਆਦਮੀ ਦੀ ਖੁਸ਼ੀ ਬਰਦਾਸ਼ਤ ਨਹੀਂ ਕਰ ਪਾ ਰਿਹਾ, ਉਹ ਰੋਜ਼ ਪਾਰਟੀ ਕਰ ਰਿਹਾ ਹੈ।''


# ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM

Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM
TV-nri 7:30am- 8:30am,TV-nri 8:30pm- 9:30pm

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com

647-739-4641
346-714-0224


# ਨਿਗਰਾਨੀ ਤਕਨਾਲੋਜੀ



ਸੰਚਾਰ ਕ੍ਰਾਂਤੀ ਨੇ ਸਾਡੀ ਜਿੰਦਗੀ ਨੂੰ ਓਨਾ ਹੀ ਸਰਲ ਅਤੇ ਆਸਾਨ ਬਣਾ ਦਿੱਤਾ ਹੈ, ਜਿੰਨਾ ਉਨ੍ਹਾਂ ਨੇ ਅਦਿੱਖ ਹੋ ਗਿਆ ਹੈ ਅਤੇ ਸਾਡੀ ਨਿੱਜੀ ਜ਼ਿੰਦਗੀ ਤੱਕ ਆਸਾਨ ਪਹੁੰਚ ਬਣਾ ਦਿੱਤੀ ਹੈ। ਇਹੀ ਕਾਰਨ ਹੈ ਕਿ ਸੰਚਾਰ ਕ੍ਰਾਂਤੀ ਤੋਂ ਬਾਅਦ, ਇੱਕ ਪਾਸੇ ਅਸੀਂ ਖੁਸ਼ ਹਾਂ ਅਤੇ ਦੂਜੇ ਪਾਸੇ ਅਸੀਂ ਅੰਦਰੋਂ ਡਰੇ ਹੋਏ ਹਾਂ, ਕਿਉਂਕਿ ਸਾਡੀ ਹਰ ਹਰਕਤ 'ਤੇ ਨਜ਼ਰ ਰੱਖੀ ਜਾ ਰਹੀ ਹੈ।ਇਹ ਨਜ਼ਾਰਾ ਕਿਸੇ ਸਮੇਂ ਆਸਪਾਸ ਦੇ ਆਸਪਾਸ ਸੀ, ਇਸ ਸਮੇਂ ਅਸੀਂ ਖੁਦ ਅਤੇ ਸਾਡੇ ਸੰਚਾਰ ਪ੍ਰਣਾਲੀ ਵਿੱਚ ਉਪਲਬਧ ਸਾਰੇ ਸਮਾਰਟ ਯੰਤਰ ਇਹ ਭੂਮਿਕਾ ਨਿਭਾ ਰਹੇ ਹਨ।

ਸਾਡੇ ਆਲੇ-ਦੁਆਲੇ ਤੋਂ ਵੱਧ ਇਨ੍ਹਾਂ ਯੰਤਰਾਂ 'ਤੇ ਨਿਰਭਰਤਾ ਨੇ ਸਾਨੂੰ ਇਸ ਤਕਨੀਕੀ ਪ੍ਰਣਾਲੀ 'ਤੇ ਆਦੀ ਅਤੇ ਨਿਰਭਰ ਬਣਾ ਦਿੱਤਾ ਹੈ। ਮੈਟਰੋਪੋਲੀਟਨ ਸਿਸਟਮ ਵਿੱਚ ਜਾਂ ਅਜੋਕੇ ਸਮੇਂ ਵਿੱਚ, ਸਾਰੇ ਘਰਾਂ ਵਿੱਚ ਮੈਂਬਰਾਂ ਵਿੱਚ ਵਧੇਰੇ ਆਧੁਨਿਕ ਤਕਨਾਲੋਜੀ ਨੇ ਜਗ੍ਹਾ ਲੈ ਲਈ ਹੈ। ਅੱਜ ਪਰਿਵਾਰ ਘਰ ਦੇ ਅੰਦਰ ਇਕੱਠੇ ਹੋਣ ਦੇ ਬਾਵਜੂਦ ਪੂਰੀ ਤਰ੍ਹਾਂ ਉਨ੍ਹਾਂ 'ਤੇ ਨਿਰਭਰ ਹੈ। ਇਸ ਰਾਹੀਂ ਹਰ ਘਰ ਦੇ ਅੰਦਰ ਪਰਿਵਾਰ ਅਤੇ ਰਿਸ਼ਤਿਆਂ ਵਿਚਲੀ ਦੂਰੀ ਨੂੰ 'ਬਣਾਇਆ' ਜਾ ਰਿਹਾ ਹੈ, ਦੂਜੇ ਪਾਸੇ ਇਹ ਤਕਨੀਕ ਸਾਡੇ ਰਿਸ਼ਤਿਆਂ ਵਿਚ ਵੀ ਘੁਸਪੈਠ ਕਰ ਰਹੀ ਹੈ। ਪਰਿਵਾਰ ਅਤੇ ਰਿਸ਼ਤਿਆਂ ਵਿੱਚ ਤਕਨਾਲੋਜੀ ਦੀ ਘੁਸਪੈਠ ਦਾ ਇੱਕ ਵੱਡਾ ਕਾਰਨ ਸੰਚਾਰ ਕ੍ਰਾਂਤੀ ਰਿਹਾ ਹੈ, ਜਦੋਂ ਕਿ ਦੋ ਸਾਲਾਂ ਤੋਂ ਕਰੋਨਾ ਮਹਾਂਮਾਰੀ ਨਾਲ ਜੂਝ ਰਹੇ ਵਿਸ਼ਵ ਪੱਧਰ 'ਤੇ ਨਵੀਂ ਆਨਲਾਈਨ ਕਾਰਜ ਪ੍ਰਣਾਲੀ ਵੀ ਇੱਕ ਵੱਡਾ ਕਾਰਨ ਹੈ।

ਅਜਿਹਾ ਵੀ ਨਹੀਂ ਹੈ ਕਿ ਇਹ ਸਿਸਟਮ ਪਿਛਲੇ ਦੋ ਸਾਲਾਂ ਦਾ ਤੋਹਫਾ ਹੈ, ਸਗੋਂ ਇਹ ਸਿਸਟਮ ਸਹੂਲਤ ਅਨੁਸਾਰ ਚੱਲ ਰਿਹਾ ਸੀ, ਪਰ ਮੌਜੂਦਾ ਸਮੇਂ ਵਿੱਚ ਮਹਾਂਮਾਰੀ ਦੇ ਪ੍ਰਭਾਵ ਨੇ ਇਸ ਨੂੰ ਪੂਰਾ ਸਮਾਂ ਕੰਮ ਕਰਨ ਵਾਲਾ ਸਿਸਟਮ ਬਣਾ ਦਿੱਤਾ ਹੈ। ਅੱਜ ਇਸ ਪ੍ਰਣਾਲੀ ਵਿੱਚ ਆਨਲਾਈਨ ਸਿੱਖਿਆ ਤੋਂ ਲੈ ਕੇ ਦਫ਼ਤਰ ਤੱਕ, ਬੈਂਕ ਲੈਣ-ਦੇਣ, ਬਾਜ਼ਾਰ ਅਤੇ ਵਿਸ਼ਵ ਪੱਧਰ ਦੀ ਗੱਲਬਾਤ ਅਤੇ ਆਪਸੀ ਸਹਿਯੋਗ ਵੀ ਕੀਤਾ ਜਾ ਰਿਹਾ ਹੈ।

ਅਜਿਹੀ ਸਥਿਤੀ ਵਿੱਚ ਜਿੱਥੇ ਇੱਕ ਪਾਸੇ ਇਸ ਪ੍ਰਣਾਲੀ ਨੇ ਸਾਡੇ ਕੰਮ ਨੂੰ ਸਰਲ ਬਣਾ ਦਿੱਤਾ ਹੈ ਅਤੇ ਇੱਕ ਵਿਸ਼ਾਲ ਜਨ-ਸਮੂਹ ਨੂੰ ਇਸ ਨਾਲ ਜੋੜਿਆ ਹੈ, ਉੱਥੇ ਦੂਜੇ ਪਾਸੇ ਤਕਨਾਲੋਜੀ ਰਾਹੀਂ ਸ਼ੋਸ਼ਣ, ਚੋਰੀ, ਲੁੱਟ-ਖੋਹ ਅਤੇ ਬਲਾਤਕਾਰ ਦੇ ਨਵੇਂ ਤਰੀਕੇ ਵੀ ਗੁੰਝਲਦਾਰ ਬਣਾ ਦਿੱਤੇ ਹਨ। ਇਸ ਨੇ ਆਪਣੇ ਮੁਨਾਫੇ ਲਈ ਬਜ਼ਾਰ ਵਿੱਚ ਬਲਾਤਕਾਰ, ਜਿਨਸੀ ਅਪਰਾਧ, ਸੈਕਸ ਅਤੇ ਨਿੱਜਤਾ ਨੂੰ ਵੇਚਣਾ ਸ਼ੁਰੂ ਕਰ ਦਿੱਤਾ।

ਫਿਰ ਇਹ ਹੈ ਸਮਾਜਿਕ ਪੱਧਰ 'ਤੇ ਆਨਲਾਈਨ ਖਰੀਦ-ਵੇਚ ਦੀ ਵੈੱਬਸਾਈਟ ਰਾਹੀਂ ਔਰਤਾਂ ਦੇ ਸੈਕਸ ਅੰਗਾਂ ਨੂੰ ਸਿਗਰਟ-ਕੇਸਾਂ ਦੇ ਰੂਪ 'ਚ ਵੇਚਣਾ, 'ਬੁੱਲੀ' ਅਤੇ 'ਸੁੱਲੀ' ਵਰਗੀਆਂ ਐਪਾਂ ਰਾਹੀਂ ਇਕ ਵਿਸ਼ੇਸ਼ ਧਰਮ ਦੀਆਂ ਔਰਤਾਂ ਨੂੰ ਨਿਸ਼ਾਨਾ ਬਣਾ ਕੇ ਉਨ੍ਹਾਂ ਨੂੰ ਜ਼ਲੀਲ ਕਰਨਾ ਅਤੇ ਹੈ। ਫ਼ੋਨ ਅਤੇ ਹੋਰ ਸਾਧਨਾਂ ਰਾਹੀਂ ਪਰਿਵਾਰਕ ਅਤੇ ਆਪਸੀ ਸਬੰਧਾਂ ਵਿੱਚ ਜਿਨਸੀ ਅਪਰਾਧਾਂ ਦੀਆਂ ਗ੍ਰੰਥੀਆਂ ਨੂੰ ਵੇਚਣ ਦੀ ਮਾਨਸਿਕਤਾ ਨੂੰ ਮਜ਼ਬੂਤ ਕਰਨਾ ਅਤੇ ਸ਼ੋਸ਼ਣ ਦੇ ਨਵੇਂ ਤਰੀਕਿਆਂ ਦੀ ਕਾਢ ਕੱਢਣਾ ਜਾਂ ਇਸ਼ਤਿਹਾਰਬਾਜ਼ੀ ਅਤੇ ਹੋਰ ਤਰੀਕਿਆਂ ਰਾਹੀਂ ਯੂ-ਟਿਊਬ ਤੋਂ ਦੂਜੇ ਬ੍ਰਾਊਜ਼ਰਾਂ ਤੱਕ ਪਾਬੰਦੀਸ਼ੁਦਾ ਸਮੱਗਰੀ ਨੂੰ ਪਰੋਸਿਆ ਜਾਣਾ ਹੈ।

ਸੱਚ ਤਾਂ ਇਹ ਹੈ ਕਿ ਤਕਨੀਕੀ ਕ੍ਰਾਂਤੀ ਨੇ ਸਾਡੀ ਜ਼ਿੰਦਗੀ ਨੂੰ ਆਸਾਨ ਬਣਾ ਦਿੱਤਾ ਹੈ, ਪਰ ਇਸ ਸਾਦਗੀ ਦੇ ਨਾਲ-ਨਾਲ ਸਾਡੀ ਜ਼ਿੰਦਗੀ ਵਿਚ ਬਾਜ਼ਾਰ ਦਾ ਦਖਲ ਵੀ ਵਧਿਆ ਹੈ। ਇਹੀ ਕਾਰਨ ਹੈ ਕਿ ਮੌਜੂਦਾ ਸਮੇਂ 'ਚ ਅਸੀਂ ਆਪਣੇ ਫੋਨ 'ਤੇ ਕਿਸ ਵਿਅਕਤੀ ਨਾਲ ਕਦੋਂ ਅਤੇ ਕਿੱਥੇ ਗੱਲ ਕਰ ਰਹੇ ਹਾਂ, ਅਸੀਂ ਕਿੱਥੇ ਅਤੇ ਕਿਹੜਾ ਸਾਮਾਨ ਲੈ ਰਹੇ ਹਾਂ, ਅਸੀਂ ਆਨਲਾਈਨ ਸਾਧਨਾਂ ਰਾਹੀਂ ਕੀ ਲੱਭ ਰਹੇ ਹਾਂ, ਇਸ ਦੀ ਪੂਰੀ ਜਾਣਕਾਰੀ ਬਾਜ਼ਾਰ ਕੋਲ ਮੌਜੂਦ ਹੈ। ਬਜ਼ਾਰ ਸਾਡੇ ਬੈਂਕ ਤੋਂ ਫ਼ੋਨ ਨੰਬਰ ਤੱਕ ਜਾਣਕਾਰੀ ਰੱਖਦਾ ਹੈ। ਇਹ ਗੈਰ-ਵਾਜਬ ਨਹੀਂ ਹੈ ਕਿ ਸਾਨੂੰ ਸਾਡੇ ਫੋਨ ਦੀ ਸਥਿਤੀ ਤੋਂ, ਮਾਰਕੀਟ ਬ੍ਰਾਂਡ ਨੂੰ ਸੁਨੇਹੇ ਮਿਲਦੇ ਰਹਿੰਦੇ ਹਨ ਅਤੇ ਅਸੀਂ ਇਸ ਗੱਲ ਵਿੱਚ ਰੁੱਝੇ ਰਹਿੰਦੇ ਹਾਂ ਕਿ ਉਹਨਾਂ ਨੂੰ ਕਿਵੇਂ ਪਤਾ ਲੱਗਾ ਕਿ ਸਾਨੂੰ ਕੀ ਚਾਹੀਦਾ ਹੈ ਜਾਂ ਅਸੀਂ ਇਸ ਸਬੰਧ ਵਿੱਚ ਕੀ ਸੋਚ ਰਹੇ ਸੀ!

ਇੱਕ ਸਮਾਂ ਸੀ ਜਦੋਂ ਪਰਿਵਾਰ ਵਿੱਚ ਕਿਹਾ ਜਾਂਦਾ ਸੀ ਕਿ ਕੰਧਾਂ ਦੇ ਵੀ ਕੰਨ ਹੁੰਦੇ ਹਨ। ਅੱਜ ਦੇ ਹਾਲਾਤਾਂ ਵਿੱਚ ਕੰਧਾਂ ਤੋਂ ਵੀ ਵੱਧ ਸਾਡੇ ਕੰਨ ਸਾਡੇ ਸਭ ਤੋਂ ਨਜ਼ਦੀਕੀ 'ਫੋਨ' ਦੇ ਹਨ, ਜੋ ਸਾਡਾ ਨਹੀਂ, ਸਗੋਂ ਬਜ਼ਾਰ ਹੈ, ਭਾਵੇਂ ਹਰ ਸਮੇਂ ਸਾਡੇ ਨਾਲ ਹੋਵੇ। ਜਿੱਥੇ ਬਹੁਮੰਜ਼ਿਲਾ ਇਮਾਰਤਾਂ ਅਤੇ ਫਲੈਟਾਂ ਵਿੱਚ ਰਹਿਣ ਵਾਲੇ ਲੋਕਾਂ ਦਾ ਆਪਸ ਵਿੱਚ ਕੋਈ ਸੰਚਾਰ ਨਹੀਂ ਹੈ, ਉੱਥੇ ਹੀ ਇਨ੍ਹਾਂ ਬੰਦ ਪਏ ਘਰਾਂ ਦੇ ਅੰਦਰ ਦੀ ਹਰ ਗਤੀਵਿਧੀ 'ਤੇ ਬਾਜ਼ਾਰ ਨਜ਼ਰ ਰੱਖ ਰਿਹਾ ਹੈ।

ਇਸ ਖਪਤਵਾਦੀ ਸੱਭਿਆਚਾਰ ਵਿੱਚ ਜਦੋਂ ਹਰ ਚੀਜ਼ ਮੰਡੀ ਦੇ ਆਲੇ-ਦੁਆਲੇ ਘੁੰਮ ਰਹੀ ਹੈ ਤਾਂ ਇੱਕ ਆਮ ਆਦਮੀ ਨਾ ਚਾਹੁੰਦੇ ਹੋਏ ਵੀ ਮੰਡੀ ਦਾ ਹਿੱਸਾ ਬਣ ਰਿਹਾ ਹੈ। ਅਸੀਂ ਸੋਚਦੇ ਹਾਂ ਕਿ 'ਚਾਰ ਦੀਵਾਰ ਦੇ ਕੰਨ ਨਹੀਂ ਹੁੰਦੇ' ਪਰ ਅੱਜ ਹਰ ਦੀਵਾਰ ਟੈਕਨਾਲੋਜੀ ਨਾਲ ਲੈਸ ਆਪਣੇ ਆਪ 'ਚ ਬਾਜ਼ਾਰ ਦਾ ਰੋਲ ਅਦਾ ਕਰਦੀ ਜਾਪਦੀ ਹੈ। ਇਹੀ ਕਾਰਨ ਹੈ ਕਿ ਅੱਜ ਬਾਜ਼ਾਰ ਸਾਡੇ ਗੁਆਂਢੀਆਂ ਨਾਲੋਂ ਜ਼ਿਆਦਾ ਜਾਣਦਾ ਹੈ ਕਿ ਸਾਡੇ ਘਰਾਂ ਦੇ ਅੰਦਰ ਕੀ ਹੋ ਰਿਹਾ ਹੈ।

ਇਹੀ ਮੰਡੀ ਕਦੇ ਆਪਣੇ ਇਸ਼ਤਿਹਾਰ ਤੈਅ ਕਰਦੀ ਹੈ ਤੇ ਕਦੇ ਮਨੁੱਖੀ ਭਾਵਨਾਵਾਂ ਨੂੰ ਵੇਚ ਕੇ ਮੰਡੀ ਦਾ ਹਿੱਸਾ ਬਣਾਉਂਦੀ ਹੈ। ਅਜਿਹੀ ਸਥਿਤੀ ਵਿੱਚ ਸੰਚਾਰ ਕ੍ਰਾਂਤੀ ਨੇ ਜੀਵਨ ਨੂੰ ਸਰਲ ਬਣਾਉਣ ਵਿੱਚ ਜਿੰਨੀ ਭੂਮਿਕਾ ਨਿਭਾਈ ਹੈ, ਮੌਜੂਦਾ ਸਮੇਂ ਵਿੱਚ ਸਾਡੀ ਜ਼ਿੰਦਗੀ ਨੂੰ ਗੁੰਝਲਦਾਰ ਅਤੇ ਡਰਾਉਣਾ ਬਣਾ ਦਿੱਤਾ ਹੈ। ਇੱਕ ਡਰ ਜੋ ਅਦਿੱਖ ਹੈ, ਪਰ ਸਾਡੇ ਆਲੇ ਦੁਆਲੇ ਹਰ ਸਮੇਂ ਸਾਨੂੰ ਦੇਖ ਰਿਹਾ ਹੈ।

*-ਵਿਜੈ ਗਰਗ*
*ਰਿਟਾਇਰਡ ਪ੍ਰਿੰਸੀਪਲ*
*ਮਲੋਟ।*

# ਪੰਜਾਬੀ ਵੋਟਰੋ, ਜ਼ਰਾ ਸੰਭਲ ਕੇ! ਇਹ ਚੋਣਾਂ ਬਿਲਕੁਲ ਵੱਖਰੀਆਂ ਨੇ ...

ਭਾਰਤ ਦੇ ਪੰਜ ਸੂਬਿਆਂ ਪੰਜਾਬ, ਉੱਤਰ ਪ੍ਰਦੇਸ਼, ਉੱਤਰਾ ਖੰਡ, ਗੋਆ ਤੇ ਮਨੀਪੁਰ ਵਿਚ ਫ਼ਰਵਰੀ ਮਹੀਨੇ ਦੌਰਾਨ ਅਤੇ ਮਾਰਚ ਦੇ ਪਹਿਲੇ ਹਫ਼ਤੇ ਵਿਚ ਵਿਧਾਨ ਸਭਾ ਚੋਣਾਂ ਹੋ ਰਹੀਆਂ ਹਨ। ਇਸ ਵਿਚ ਕੋਈ ਸ਼ੱਕ ਨਹੀ ਕਿ ਇਸ ਸਮੇਂ ਇਨ੍ਹਾਂ ਸਾਰੇ ਰਾਜਾਂ ਵਿਚ ਹੀ ਚੋਣ-ਸਰਗ਼ਰਮੀਆਂ ਸਿਖ਼ਰਾਂ 'ਤੇ ਹਨ ਪਰ ਪੰਜਾਬ ਅਤੇ ਉੱਤਰ ਪ੍ਰਦੇਸ਼ ਵਿਚ ਇਨ੍ਹਾਂ ਦੀ ਖ਼ਾਸ ਹੀ ਚਰਚਾ ਚੱਲ ਰਹੀ ਹੈ, ਕਿਉਂਕਿ ਇਹ ਦੋਵੇਂ ਸੂਬੇ ਵਧੇਰੇ ਵਿਧਾਨ ਸਭਾ ਸੀਟਾਂ ਵਾਲੇ ਹਨ। ਸੱਭ ਤੋਂ ਵੱਧ 403 ਵਿਧਾਨ ਸਭਾ ਸੀਟਾਂ ਵਾਲੇ ਉੱਤਰ ਪ੍ਰਦੇਸ਼ ਵਿਚ ਜਿੱਥੇ ਸਮਾਜਵਾਦੀ ਪਾਰਟੀ ਅਖ਼ਲੇਸ਼ ਯਾਦਵ ਨੇ ਮੌਜੂਦਾ ਮੁੱਖ ਮੰਤਰੀ ਅਦਿੱਤਿਆ ਨਾਥ ਯੋਗੀ ਅਤੇ ਉਸ ਦੀ ਭਾਰਤੀ ਜਨਤਾ ਪਾਰਟੀ ਦੀ ਨੀਂਦਰ ਹਰਾਮ ਕੀਤੀ ਹੋਈ ਹੈ, ਉੱਥੇ ਪੰਜਾਬ ਦੀਆਂ 117 ਸੀਟਾਂ ਉੱਪਰ ਰਵਾਇਤੀ ਪਾਰਟੀਆਂ ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ, ਅਤੇ 2017 ਦੀਆਂ ਚੋਣਾਂ ਵਿਚ ਮੁੱਖ ਵਿਰੋਧੀ ਪਾਰਟੀ ਬਣੀ ਆਮ ਆਦਮੀ ਪਾਰਟੀ ('ਆਪ') ਤੋਂ ਇਲਾਵਾ ਇਸ ਵਾਰ ਬੀਜੇਪੀ (ਸ਼੍ਰੋਮਣੀ ਅਕਾਲੀ ਦਲ ਤੋਂ ਵੱਖਰੇ ਹੋ ਕੇ ਕੈਪਟਨ ਅਮਰਿੰਦਰ ਸਿੰਘ ਦੀ ਪੰਜਾਬ ਲੋਕ ਕਾਂਗਰਸ ਤੇ ਸੁਖਦੇਵ ਸਿੰਘ ਢੀਂਡਸਾ ਦੇ ਸੰਯੁਕਤ ਅਕਾਲੀ ਦਲ ਨਾਲ ਮਿਲ ਕੇ) ਚੋਣ ਲੜ ਰਹੀ ਹੈ। ਇਨ੍ਹਾਂ ਤੋਂ ਇਲਾਵਾ ਕਿਸਾਨ ਵੀ ਸਮਾਜ ਦੇ ਹੋਰ ਵਰਗਾਂ ਨੂੰ ਨਾਲ਼ ਲੈ ਕੇ 'ਸੰਯੁਕਤ ਸਮਾਜ ਮੋਰਚਾ' ਬਣਾ ਕੇ ਪਹਿਲੀ ਵਾਰ ਇਨ੍ਹਾਂ ਚੋਣਾਂ ਵਿਚ ਕੁੱਦੇ ਹਨ। ਪੰਜਾਬ ਵਿਚ ਵੱਖ-ਵੱਖ ਸਿਆਸੀ ਪਾਰਟੀਆਂ ਵਿਚਕਾਰ ਇਸ ਸਮੇਂ ਚੋਣਾਂ ਦਾ ਪੂਰਾ ਘਮਸਾਣ ਮੱਚਿਆ ਹੋਇਆ ਹੈ। ਬਾਕੀ ਰਹਿੰਦੇ ਤਿੰਨ ਸੂਬਿਆਂ ਉੱਤਰਾ ਖੰਡ, ਮਨੀਪੁਰ ਅਤੇ ਗੋਆ ਵਿਚ ਕ੍ਰਮਵਾਰ 70, 60 ਅਤੇ 40 ਸੀਟਾਂ ਹੀ ਹਨ। ਇੱਥੇ ਅਸੀਂ ਕੇਵਲ ਪੰਜਾਬ ਦੀ 2022 ਵਿਧਾਨ ਸਭਾ ਚੋਣ ਬਾਰੇ ਹੀ ਗੱਲ ਕਰਾਂਗੇ।

ਸੱਭ ਤੋਂ ਪਹਿਲਾਂ ਕਾਂਗਰਸ ਪਾਰਟੀ ਦੀ ਗੱਲ ਕਰਨੀ ਜ਼ਰੂਰੀ ਬਣਦੀ ਹੈ ਜਿਸ ਵਿਚ ਪੰਜਾਬ ਦੇ ਮੁੱਦਿਆਂ ਨਾਲੋਂ ਇਸ ਪਾਰਟੀ ਦੇ ਮੁੱਖ ਮੰਤਰੀ ਦੇ ਚਿਹਰੇ ਦੀ ਦੌੜ ਸੱਭ ਤੋਂ ਅਹਿਮ ਮੁੱਦਾ ਬਣਿਆਂ ਹੋਇਆ ਹੈ। ਦਿੱਲੀ ਬੈਠੀ ਇਸ ਦੀ 'ਹਾਈ-ਕਮਾਂਡ' ਜੋ ਇਸ ਸਮੇਂ ਬਿਲਕੁਲ 'ਲੋਅ-ਕਮਾਂਡ' ਜਾਂ 'ਨੋ-ਕਮਾਂਡ' ਸਾਬਤ ਹੋ ਰਹੀ ਹੈ ਵੱਲੋਂ ਪੰਜਾਬ ਦੀਆਂ ਹਿੰਦੂ,ਸਿੱਖ ਤੇ ਦਲਿਤ ਵੋਟਾਂ ਨੂੰ ਮੁੱਖ ਰੱਖਦਿਆਂ ਹੋਇਆਂ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ, ਮੌਜੂਦਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਅਤੇ ਮੌਜੂਦਾ ਮੁੱਖ-ਮੰਤਰੀ ਚਰਨਜੀਤ ਸਿੰਘ ਚੰਨੀ ਦੇ ਮੁੱਖ ਮੰਤਰੀ ਦੇ ਤਿੰਨ ਚਿਹਰੇ ਐਲਾਨ ਦਿੱਤੇ ਗਏ ਹਨ। ਇਨ੍ਹਾਂ ਵਿੱਚੋਂ ਸੁਨੀਲ ਜਾਖੜ ਤਾਂ ਇਸ ਦੌੜ ਵਿੱਚੋਂ ਪਹਿਲਾਂ ਹੀ ਲਾਂਭੇ ਹੋ ਗਏ ਹਨ ਅਤੇ ਉਹ ਵਿਧਾਨ ਸਭਾ ਮੈਂਬਰ ਦੇ ਉਮੀਦਵਾਰ ਵੀ ਨਹੀਂ ਹਨ, ਪਰ ਮੌਜੂਦਾ ਪੰਜਾਬ ਕਾਂਗਰਸ ਪ੍ਰਧਾਨ ਅਤੇ ਮੁੱਖ ਮੰਤਰੀ ਵਿਚਕਾਰ ਇਸ ਮੰਤਵ ਲਈ 100 ਮੀਟਰ ਵਾਲੀ 'ਸਪਰਿੰਟ' ਲੱਗੀ ਹੋਈ ਹੈ। ਉਹ ਦੋਵੇਂ ਇਕ ਦੂਸਰੇ ਨੂੰ ਨੀਵਾਂ ਵਿਖਾ ਕੇ ਆਪਣੇ ਆਪ ਨੂੰ 'ਮੁੱਖ ਚਿਹਰਾ' ਪੇਸ਼ ਕਰਨ ਦੀ ਦੌੜ ਵਿਚ ਹਨ। ਨਵਜੋਤ ਸਿੱਧੂ ਆਪਣਾ 'ਪੰਜਾਬ ਮਾਡਲ' ਇਲੈਕਟ੍ਰਾਨਿਕ ਤੇ ਸੋਸ਼ਲ ਮੀਡੀਆ ਉੱਪਰ ਬੜੇ ਜ਼ੋਰ-ਸ਼ੋਰ ਨਾਲ ਪੇਸ਼ ਕਰ ਰਹੇ ਹਨ ਅਤੇ ਦੂਜੇ ਬੰਨੇ ਚਰਨਜੀਤ ਚੰਨੀ ਮੁੱਖ ਮੰਤਰੀ ਵਜੋਂ ਆਪਣੀ 111 ਦਿਨ੍ਹਾਂ ਦੀ 'ਵਧੀਆ ਕਾਗੁਜ਼ਾਰੀ' ਨੂੰ ਸੱਭ ਤੋਂ ਅਹਿਮ ਦਰਸਾ ਰਹੇ ਹਨ।

ਕਾਂਗਰਸ ਪਾਰਟੀ ਵੱਲੋਂ ਹੁਣ ਤੀਕ 86 ਵਿਧਾਨ ਸਭਾ ਸੀਟਾਂ ਉੱਪਰ ਆਪਣੇ ਉਮੀਦਵਾਰ ਐਲਾਨ ਦਿੱਤੇ ਗਏ ਹਨ ਅਤੇ ਬਾਕੀਆਂ ਉੱਪਰ ਅਜੇ ਰੇੜਕਾ ਚੱਲ ਰਿਹਾ ਹੈ। ਇਸ ਐਲਾਨ ਤੋਂ ਨਾਰਾਜ਼ ਹੋ ਕੇ ਇਸ ਦੇ ਕਈ ਮੰਤਰੀ ਤੇ ਵਿਧਾਇਕ ਦੂਸਰੀਆਂ ਰਾਜਨੀਤਕ ਪਾਰਟੀਆਂ ਵਿਚ ਜਾ ਚੁੱਕੇ ਹਨ ਜਿਨ੍ਹਾਂ ਦੇ ਵਿਸਥਾਰ ਵਿਚ ਜਾਣ ਦੀ ਜ਼ਰੂਰਤ ਨਹੀਂ ਹੈ। ਅਲਬੱਤਾ, ਇਸ ਦੇ ਕਪੂਰਥਲਾ ਸੀਟ ਤੋਂ ਐਲਾਨੇ ਗਏ ਉਮੀਦਵਾਰ ਰਾਣਾ ਗੁਰਜੀਤ ਸਿੰਘ ਆਪਣੇ ਪੁੱਤਰ ਇੰਦਰਬੀਰ ਰਾਣਾ ਨੂੰ ਸੁਲਤਾਨਪੁਰ ਲੋਧੀ ਤੋਂ ਸੀਟ ਨਾ ਦੇਣ ਕਾਰਨ ਉਸ ਦੇ ਆਜ਼ਾਦ ਉਮੀਦਵਾਰ ਵਜੋਂ ਚੋਣ ਲੜਨ ਨੂੰ ਬਿਲਕੁਲ ਵਾਜਬ ਸਮਝ ਰਹੇ ਹਨ ਜਿਸ ਦਾ ਕਪੂਰਥਲਾ ਦੇ ਹੋਰ ਉਮੀਦਵਾਰਾਂ ਵੱਲੋਂ ਵਿਰੋਧ ਕੀਤਾ ਜਾ ਰਿਹਾ ਹੈ। ਮੁੱਖ ਮੰਤਰੀ ਚੰਨੀ ਦੇ 'ਭਣੇਵੇਂ' (ਸਾਲੀ ਦੇ ਮੁੰਡੇ) ਭੁਪਿੰਦਰ ਸਿੰਘ ਹਨੀ ਦੇ ਘਰ 'ਤੇ ਪਏ ਈ.ਡੀ. ਦੇ ਛਾਪੇ ਨੇ ਉਨ੍ਹਾਂ ਦੀ ਆਪਣੀ ਅਤੇ ਕਾਂਗਰਸ ਦੀ ਸਥਿਤੀ ਹੋਰ ਵੀ ਖ਼ਰਾਬ ਕਰ ਦਿੱਤੀ ਹੈ। ਓਧਰ ਸਿੱਧੂ ਸਾਹਿਬ ਇਕੱਲੇ ਹੀ ਆਪਣੇ 'ਪੰਜਾਬ ਮਾਡਲ' ਦਾ ਰਾਗ ਅਲਾਪ ਰਹੇ ਹਨ ਅਤੇ ਉਹ ਟੀਮ ਵਜੋਂ ਕਿਸੇ ਨੂੰ ਵੀ ਆਪਣੇ ਨਾਲ ਲੈਣਾ ਮੁਨਾਸਬ ਨਹੀਂ ਸਮਝ ਰਹੇ। ਇਹ ਸੱਭ ਕਹਿਣ ਤੋਂ ਭਾਵ ਹੈ ਕਿ ਪੰਜਾਬ ਦੀ ਕਾਂਗਰਸ ਪਾਰਟੀ ਵਿਚ ਇਸ ਸਮੇਂ 'ਸੱਭ ਅੱਛਾ' ਨਹੀਂ ਚੱਲ ਰਿਹਾ ਹੈ।

ਹੁਣ ਜੇਕਰ ਸ਼੍ਰੋਮਣੀ ਅਕਾਲੀ ਦਲ ਦੀ ਗੱਲ ਕੀਤੀ ਜਾਏ ਤਾਂ ਇਨ੍ਹਾਂ ਵਿਧਾਨ ਸਭਾ ਚੋਣਾਂ ਵਿਚ ਉਮੀਦਵਾਰਾਂ ਦਾ ਸੱਭ ਤੋਂ ਪਹਿਲਾਂ ਐਲਾਨ ਕਰਨ ਵਾਲੀ ਅਤੇ ਆਪਣੀ ਚੋਣ-ਮੁਹਿੰਮ ਆਰੰਭ ਕਰਨ ਵਾਲੀ ਇਹ ਪਹਿਲੀ ਪਾਰਟੀ ਹੈ। ਦਿੱਲੀ ਦੀਆਂ ਬਰੂਹਾਂ 'ਤੇ ਚੱਲ ਰਹੇ 'ਸੰਯੁਕਤ ਕਿਸਾਨ ਮੋਰਚੇ' ਦੌਰਾਨ ਹੀ ਇਸ ਨੇ ਆਪਣੀਆਂ ਚੋਣ-ਸਰਗ਼ਰਮੀਆਂ ਸ਼ੁਰੂ ਕਰ ਦਿੱਤੀਆਂ ਸਨ ਜਿਨ੍ਹਾਂ ਦਾ ਉਦੋਂ ਕਿਸਾਨਾਂ ਵੱਲੋਂ ਭਾਰੀ ਵਿਰੋਧ ਕੀਤਾ ਗਿਆ ਸੀ। ਉਨ੍ਹਾਂ ਵੱਲੋਂ ਇਸ ਪਾਰਟੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਕਾਫ਼ਲੇ ਨੂੰ ਕਈ ਥਾਵਾਂ 'ਤੇ ਘੇਰਿਆ ਗਿਆ ਸੀ ਅਤੇ ਇਕ ਜਗ੍ਹਾ ਤਾਂ ਕਿਸਾਨਾਂ ਵੱਲੋਂ ਉਨ੍ਹਾਂ ਦੇ ਉੱਪਰ ਜੁੱਤੀ ਸੁੱਟਣ ਦੀ ਕੋਸ਼ਿਸ਼ ਵੀ ਕੀਤੀ ਗਈ ਸੀ। ਚੱਲ ਰਹੇ ਇਸ 'ਰੌਲ਼ੇ-ਗੌਲ਼ੇ ਦੌਰਾਨ ਵੀ ਉਨ੍ਹਾਂ ਨੇ ਆਪਣੇ ਉਮੀਦਵਾਰ ਐਲਾਨਣੇ ਜਾਰੀ ਰੱਖੇ ਸਨ ਪਰ ਉਹ ਆਪਣੀ ਚੋਣ-ਮੁਹਿੰਮ ਨੂੰ ਬਹੁਤਾ ਵਧਾ ਨਹੀਂ ਸਕੇ ਸਨ।

ਇਸ ਦੌਰਾਨ ਹੀ ਉਨ੍ਹਾਂ ਦੇ ਅਤਿ-ਕਰੀਬੀ 'ਰਿਸ਼ਤੇਦਾਰ' (ਸਾਲੇ) ਬਿਕਰਮ ਸਿੰਘ ਮਜੀਠੀਆ ਦੇ ਵਿਰੁੱਧ ਅੱਠ ਸਾਲ ਪੁਰਾਣੇ ਦਰਜ ਹੋਏ ਨਸ਼ਾ-ਤਸਕਰੀ ਦੇ ਕੇਸ ਨੂੰ ਲੈ ਕੇ ਚਰਨਜੀਤ ਚੰਨੀ ਦੀ ਅਗਵਾਈ ਵਿਚ ਚੱਲ ਰਹੀ ਪੰਜਾਬ ਸਰਕਾਰ ਵੱਲੋਂ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਹੁਕਮਾਂ ਨੂੰ ਮੁੱਖ ਰੱਖਦਿਆਂ ਐੱਫ਼.ਆਈ.ਆਰ. ਦਰਜ ਕਰਵਾਈ ਗਈ ਜਿਸ ਉੱਪਰ ਐੱਕਸ਼ਨ ਲੈਣ ਲਈ ਸਰਕਾਰ ਵੱਲੋਂ ਬਣਾਈ ਗਈ 'ਸਿੱਟ' (ਸਪੈਸ਼ਲ ਇਨਵੈਸਟੀਗੇਸ਼ਨ ਟੀਮ) ਵੱਲੋਂ ਕੀਤੀ ਜਾਣ ਵਾਲੀ ਕਾਰਵਾਈ ਤੋਂ ਡਰਦਿਆਂ ਮਜੀਠੀਆ ਸਾਹਿਬ 'ਰੂਪੋਸ਼' ਹੋ ਗਏ ਅਤੇ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਮਿਲੀ 'ਅਸਥਾਈ ਜ਼ਮਾਨਤ' (ਇੰਟੈਰਿਮ ਰੀਲੀਫ਼) ਤੋਂ ਬਾਅਦ ਹੀ ਪ੍ਰਗਟ ਹੋਏ। ਹੁਣ ਓਸੇ ਅਦਾਲਤ ਵੱਲੋਂ ਇਹ ਜ਼ਮਾਨਤ ਰੱਦ ਕਰਨ ਤੋਂ ਬਾਅਦ ਉਨ੍ਹਾਂ ਦੀਆਂ ਮੁਸ਼ਕਲਾਂ ਵਿਚ ਹੋਰ ਵਾਧਾ ਹੋਇਆ ਹੈ। ਕਿੱਥੇ ਤਾਂ ਉਨ੍ਹਾਂ ਬਾਰੇ ਅੰਮ੍ਰਿਤਸਰ ਪੂਰਬੀ ਵਿਧਾਨ ਸਭਾ ਹਲਕੇ ਤੋਂ ਨਵਜੋਤ ਸਿੰਘ ਸਿੱਧੂ ਦੇ ਵਿਰੁੱਧ ਚੋਣ ਲੜਨ ਦੀਆਂ ਗੱਲਾਂ ਹੋ ਰਹੀਆਂ ਸਨ ਅਤੇ ਕਿੱਥੇ ਹੁਣ ਉਨ੍ਹਾਂ ਲਈ ਆਪਣੇ ਮਜੀਠਾ ਚੋਣ-ਹਲਕੇ ਵਿਚ ਵੀ ਚੋਣ-ਪ੍ਰਚਾਰ ਕਰਨਾ ਮੁਸ਼ਕਲ ਹੋ ਜਾਵੇਗਾ। ਇਸ ਸਾਰੇ ਘਟਨਾ-ਕ੍ਰਮ ਨਾਲ ਸ਼੍ਰੋਮਣੀ ਅਕਾਲੀ ਦਲ ਨੂੰ ਵੀ ਇਨ੍ਹਾਂ ਚੋਣਾਂ ਵਿਚ ਤਕੜਾ ਝਟਕਾ ਲੱਗਾ ਹੈ।

ਤੀਸਰੀ ਮੁੱਖ ਰਾਜਸੀ ਪਾਰਟੀ 'ਆਪ' ਨੇ ਸੰਸਦ ਮੈਂਬਰ ਭਗਵੰਤ ਮਾਨ ਨੂੰ ਆਪਣੇ ਮੁੱਖ ਮੰਤਰੀ ਦਾ ਚਿਹਰਾ ਬੜੇ ਨਾਟਕੀ ਢੰਗ ਨਾਲ ਕੀਤਾ ਹੈ ਜਿਸ ਦੀ ਦੂਸਰੀਆਂ ਪਾਰਟੀਆਂ ਵੱਲੋਂ ਕਾਫ਼ੀ ਚਰਚਾ ਹੋ ਰਹੀ ਹੈ। ਕਾਂਗਰਸ ਪਾਰਟੀ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਤਾਂ ਇਸ ਨੂੰ 'ਨਿਰੋਲ ਡਰਾਮਾ' ਕਰਾਰ ਦਿੱਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਏ ਨੇ ਥੋੜ੍ਹੇ ਸਮੇਂ ਵਿਚ ਪ੍ਰਾਪਤ ਹੋਈਆਂ 22 ਲੱਖ ਫ਼ੋਨ-ਕਾਲਾਂ ਜਾਂ ਫ਼ੋਨ-ਸੁਨੇਹਿਆਂ ਦੇ ਭਾਰੀ ਡਾਟੇ ਨੂੰ ਪ੍ਰਾਸੈੱਸ ਕਰਨ ਲਈ ਘੱਟੋ-ਘੱਟ ਇਕ ਸਾਲ ਦਾ ਸਮਾਂ ਚਹੀਦਾ ਹੈ ਅਤੇ 'ਆਪ' ਵਾਲਿਆਂ ਦੇ 'ਸ਼ਾਤਰ ਦਿਮਾਗਾਂ ਤੇ ਕੰਪਿਊਟਰਾਂ' ਨੇ ਇਸ ਨੂੰ ਦੋ ਕੁ ਦਿਨਾਂ ਵਿਚ ਹੀ ਹੰਗਾਲ ਕੇ ਰੱਖ ਦਿੱਤਾ ਹੈ। ਉਨ੍ਹਾਂ ਦਾ ਇਹ ਵੀ ਕਹਿਣਾ ਹੈ ਕਿ ਇਹ 'ਖੇਡ' ਤਾਂ ਆਮ ਆਦਮੀ ਪਾਰਟੀ ਦੇ 'ਖਿਡਾਰੀਆਂ' ਵਿਚਕਾਰ ਹੀ ਸੀ ਅਤੇ ਇਸ ਵਿਚ ਸਿੱਧੂ ਕਿੱਥੋਂ ਆ ਗਿਆ? ਉਨ੍ਹਾਂ ਨੇ 'ਆਪ' ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੂ ਇਨ੍ਹਾਂ ਸੁਆਲਾਂ ਦੇ ਜੁਆਬ ਦੇਣ ਲਈ ਵੀ ਕਿਹਾ ਹੈ।

'ਕੁਝ ਵੀ ਹੋਵੇ, ਪਾਰਟੀ ਵੱਲੋਂ ਭਗਵੰਤ ਮਾਨ ਦਾ ਨਾਂ ਮੁੱਖ ਮੰਤਰੀ ਦੇ ਚਿਹਰੇ ਵੱਲੋਂ ਐਲਾਨੇ ਜਾਣ ਤੋਂ ਬਾਦ ਇਸ ਦੇ ਵਰਕਰਾਂ ਵਿਚ ਭਾਰੀ ਉਤਸ਼ਾਹ ਵੇਖਣ ਨੂੰ ਮਿਲ ਰਿਹਾ ਹੈ। ਪਿਛਲੇ ਦਿਨੀਂ ਹੋਏ ਜਾਂ ਕਈ ਏਜੰਸੀਆਂ ਵੱਲੋਂ ਕਰਵਾਏ ਗਏ 'ਪ੍ਰੀ-ਪੋਲ ਸਰਵਿਆਂ' ਵਿਚ ਵੀ ਆਮ ਆਦਮੀ ਪਾਰਟੀ ਦਾ ਨਾਂ ਹੋਰ ਸਿਆਸੀ ਪਾਰਟੀਆਂ ਤੋਂ ਉੱਪਰ ਹੋਣ ਕਾਰਨ ਵੀ ਇਸ ਦੇ ਵਰਕਰ ਭਾਰੀ ਉਤਸ਼ਾਹ ਵਿਚ ਹਨ ਅਤੇ ਉਹ ਪਾਰਟੀ ਉਮੀਦਵਾਰਾਂ ਦੇ ਲਈ ਚੋਣ-ਪ੍ਰਚਾਰ ਵਿਚ ਰੁੱਝ ਗਏ ਹਨ। ਇਸ ਦੇ ਨਾਲ ਹੀ ਕਈ ਹੋਰਨਾਂ ਪਾਰਟੀਆਂ ਦੇ ਨੇਤਾ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋਏ ਹਨ ਅਤੇ ਉਨ੍ਹਾਂ ਨੂੰ ਇਸ ਪਾਰਟੀ ਵੱਲੋਂ ਟਿਕਟਾਂ ਦੇ ਕੇ ਨਿਵਾਜ਼ਿਆ ਗਿਆ ਹੈ। ਦੋਸ਼ ਤਾਂ ਇਹ ਵੀ ਲੱਗ ਰਿਹਾ ਹੈ ਕਿ ਉਨ੍ਹਾਂ ਨੇਤਾਵਾਂ ਕੋਲੋਂ ਭਾਰੀ ਰਕਮਾਂ ਵਸੂਲ ਕੇ ਉਨ੍ਹਾਂ ਨੂੰ ਟਿਕਟਾਂ ਦਿੱਤੀਆਂ ਗਈਆਂ ਹਨ ਅਤੇ ਇਸ ਦੇ ਰੋਸ ਵਜੋਂ ਕਈ ਪਾਰਟੀ ਨੇਤਾ ਅਤੇ ਵਰਕਰ ਦੂਸਰੀਆਂ ਰਾਜਸੀ ਪਾਰਟੀਆਂ ਵਿਚ ਸ਼ਾਮਲ ਹੋ ਗਏ ਹਨ। 'ਸੰਯੁਕਤ ਸਮਾਜ ਮੋਰਚਾ' (ਜਿਸ ਦਾ ਜ਼ਿਕਰ ਅੱਗੇ ਜਾ ਕੇ ਕੀਤਾ ਜਾਏਗਾ) ਦੇ ਪ੍ਰਮੁੱਖ ਆਗੂ ਬਲਬੀਰ ਸਿੰਘ ਰਾਜੇਵਾਲ ਦਾ ਵੀ ਬੀਤੇ ਦਿਨੀਂ ਇਸ ਸਬੰਧੀ ਇਕ ਬਿਆਨ ਆਇਆ ਸੀ। ਕਿਸਾਨਾਂ ਤੇ ਹੋਰ ਵਰਗਾਂ ਦਾ ਇਹ ਸਾਂਝਾ ਮੋਰਚਾ 'ਆਪ' ਦੇ ਚੱਲਦੇ 'ਚੋਣ-ਰੱਥ' ਦੇ ਰਸਤੇ ਵਿਚ ਰੁਕਾਵਟਾਂ ਖੜੀਆਂ ਜ਼ਰੂਰ ਕਰੇਗਾ, ਕਿਉਂਕਿ ਇਹ ਦੋਵੇਂ ਹੀ ਸਥਾਪਤੀ-ਵਿਰੋਧੀ ਵੋਟਾਂ ਉੱਪਰ ਆਪਣੀ ਭਾਰੀ ਟੇਕ ਰੱਖ ਰਹੇ ਹਨ।

ਭਾਰਤੀ ਜਨਤਾ ਪਾਰਟੀ (ਬੀ.ਜੇ.ਪੀ.) ਜੋ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਦੇ ਨਾਲ਼ ਮਿਲ ਕੇ ਪੰਜਾਬ ਵਿਚ ਚੋਣਾਂ ਲੜਦੀ ਸੀ, ਹੁਣ ਇਸ ਤੋਂ ਵੱਖ ਹੋ ਕੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਬਣਾਈ ਗਈ 'ਪੰਜਾਬ ਲੋਕ ਕਾਂਗਰਸ ਅਤੇ ਰਾਜ ਸਭਾ ਦੇ ਮੈਂਬਰ ਸੁਖਦਵੇ ਸਿੰਘ ਢੀਂਡਸਾ ਦੇ ਸ਼੍ਰੋਮਣੀ ਅਕਾਲੀ ਦਲ ਨਾਲ ਮਿਲ ਕੇ ਇਹ ਚੋਣ ਲੜ ਰਹੀ ਹੈ। ਇਹ 'ਤ੍ਰਿਕੜੀ' ਆਪਣੇ ਇਸ ਸਾਂਝੇ ਯਤਨ ਵਿਚ ਕਿੰਨੀ ਕੁ ਕਾਮਯਾਬ ਹੁੰਦੀ ਹੈ, ਇਹ ਤਾਂ 10 ਮਾਰਚ ਨੂੰ ਹੀ ਪਤਾ ਲੱਗੇਗਾ। ਅਲੱਬਤਾ, ਇਸ ਦੇ ਵੱਲੋਂ 5 ਜਨਵਰੀ ਨੂੰ ਫ਼ਿਰੋਜ਼ਪੁਰ ਵਿਚ ਰੱਖੀ ਗਈ 'ਭਾਰੀ ਰੈਲੀ' ਜਿਸ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਸੰਬੋਧਨ ਕਰਨਾ ਸੀ, ਮੀਂਹ-ਕਣੀ ਵਾਲੇ ਮੌਸਮ ਜਾਂ ਕਿਸੇ ਹੋਰ ਕਾਰਨ 'ਖਾਲੀ ਕੁਰਸੀਆਂ ਵਾਲੀ ਰੈਲੀ' ਰਹਿ ਜਾਣ ਕਰਕੇ ਇਸ ਦੇ ਸਿਤਾਰੇ ਕੁਝ ਮੱਧਮ ਹੀ ਵਿਖਾਈ ਦਿੰਦੇ ਹਨ।

ਪੰਜਾਬ ਦੇ ਕਿਸਾਨਾਂ ਵਿਚ ਬੀ.ਜੇ.ਪੀ. ਦੇ ਵਿਰੁੱਧ ਅਜੇ ਵੀ ਭਾਰੀ ਗੁੱਸਾ ਪਾਇਆ ਜਾ ਰਿਹਾ ਹੈ, ਕਿਉਂਕਿ ਪ੍ਰਧਾਨ ਮੰਤਰੀ ਵੱਲੋਂ 19 ਨਵੰਬਰ 2021 ਨੂੰ ਕੀਤੇ ਗਏ ਐਲਾਨ ਅਤੇ ਉਸ ਤੋਂ ਬਾਅਦ ਭਾਰਤ ਸਰਕਾਰ ਵੱਲੋਂ ਪ੍ਰਾਪਤ ਹੋਈ ਚਿੱਠੀ ਜਿਸ ਵਿਚ ਤਿੰਨੇ ਕਾਲ਼ੇ ਕਾਨੂੰਨ ਰੱਦ ਹੋਣ ਦੇ ਨਾਲ਼ ਨਾਲ਼ ਉਨ੍ਹਾਂ ਦੀਆਂ ਹੋਰ ਮੰਗਾਂ, ਜਿਵੇਂ ਐੱਮ.ਐੱਸ.ਪੀ. ਲਈ ਕਮੇਟੀ ਦਾ ਗਠਨ ਕਰਨਾ, ਕਿਸਾਨਾਂ ਵਿਰੁੱਧ ਦਰਜ ਕੀਤੇ ਗਏ ਝੂਠੇ ਕੇਸਾਂ ਨੂੰ ਰੱਦ ਕਰਨਾ, ਕੇਂਦਰੀ ਗ੍ਰਹਿ ਰਾਜ ਮੰਤਰੀ ਵਿਜੈ ਮਿਸ਼ਰਾ ਜਿਸ ਦਾ ਪੁੱਤਰ ਅਸ਼ੀਸ਼ ਮਿਸ਼ਰਾ ਦਾ ਲਖੀਮਪੁਰ ਖੀਰੀ ਕਤਲ ਕਾਂਡ ਵਿਚ ਸਿੱਧੇ ਤੌਰ 'ਤ ਸ਼ਾਮਲ ਹੋਣਾ ਸਾਬਤ ਹੋ ਚੁੱਕਾ ਹੈ, ਨੂੰ ਕੇਂਦਰੀ ਮੰਤਰੀ-ਮੰਡਲ ਵਿੱਚੋਂ ਬਾਹਰ ਕੱਢਣਾ ਸ਼ਾਮਲ ਹਨ, ਅਜੇ ਤੱਕ ਕੇਂਦਰ ਸਰਕਾਰ ਵੱਲੋਂ ਨਹੀਂ ਮੰਨੀਆਂ ਗਈਆਂ ਅਤੇ ਉਹ ਇਸ ਦੇ ਵਿਰੋਧ ਵਿਚ 31 ਜਨਵਰੀ ਨੂੰ 'ਵਾਅਦਾਖ਼ਿਲਾਫ਼ੀ-ਦਿਵਸ' ਮਨਾਉਣ ਜਾ ਰਹੇ ਹਨ। ਇਸ ਤੋਂ ਇਲਾਵਾ ਕੈਪਟਨ ਅਮਰਿੰਦਰ ਸਿੰਘ ਅਤੇ ਸੁਖਦੇਵ ਸਿੰਘ ਢੀਂਡਸੇ ਦੀਆਂ ਪਾਰਟੀਆਂ ਦਾ ਬੀ.ਜੇ.ਪੀ. ਨਾਲ ਗੱਠਜੋੜ ਵੀ ਬਹੁਤ ਲੋਕਾਂ ਨੂੰ ਪਸੰਦ ਨਹੀਂ ਹੈ ਜਿਸ ਵਿਚ ਉਨ੍ਹਾਂ ਨੂੰ ਦੋਹਾਂ ਨੂੰ ਕ੍ਰਮਵਾਰ 35 ਅਤੇ 17 ਸੀਟਾਂ ਦਿੱਤੀਆਂ ਗਈਆਂ ਹਨ ਅਤੇ ਵਡੇਰਾ ਹਿੱਸਾ 65 ਬੀ.ਜੇ.ਪੀ. ਵੱਲੋਂ ਆਪਣੇ ਕੋਲ ਰੱਖੀਆਂ ਗਈਆਂ ਹਨ। ਇਨ੍ਹਾਂ ਵਿੱਚੋਂ ਕੁਝ (5-6) ਬੈਂਸ ਭਰਾਵਾਂ ਦੀ 'ਲੋਕ ਇਨਸਾਫ਼ ਪਾਰਟੀ' ਨੂੰ ਦੇਣ ਦਾ ਲਾਰਾ ਵੀ ਲਾਇਆ ਗਿਆ ਸੀ ਪਰ ਉਨ੍ਹਾਂ ਵੱਲੋਂ ਵਧੇਰੇ ਸੀਟਾਂ ਦੀ ਮੰਗ ਹੋਣ ਕਾਰਨ ਉਹ ਵੇਲੇ ਸਿਰ ਹੀ ਇਸ ਗੱਠਜੋੜ ਤੋਂ ਲਾਂਭੇ ਹੋ ਗਏ ਹਨ।

ਸੱਭ ਤੋਂ ਅਹਿਮ ਗੱਲ ਜੋ ਇਨ੍ਹਾਂ ਚੋਣਾਂ ਵਿਚ ਹੋ ਰਹੀ ਹੈ, ਉਹ ਹੈ ਕਿਸਾਨਾਂ ਵੱਲੋਂ ਆਪਣੀ ਸਿਆਸੀ ਜੱਥੇਬੰਦੀ 'ਸੰਯੁਕਤ ਸਮਾਜ ਮੋਰਚਾ' ਬਣਾ ਕੇ ਚੋਣ-ਮੈਦਾਨ ਵਿਚ ਉੱਤਰਨਾ। ਦਿੱਲੀ ਦੀਆਂ ਬਰੂਹਾਂ 'ਤੇ 'ਸੰਯੁਕਤ ਕਿਸਾਨ ਮੋਰਚਾ' ਜਿਸ ਵਿਚ ਪੰਜਾਬ ਦੀਆਂ 32 ਕਿਸਾਨ ਜੱਥੇਬੰਦੀਆਂ ਸ਼ਾਮਲ ਸਨ, ਵੱਲੋਂ ਸਾਲ ਤੋਂ ਉੱਪਰ ਚਲਾਏ ਗਏ ਕਿਸਾਨ ਅੰਦਲਨ ਦੀ ਭਾਰੀ ਸਫ਼ਲਤਾ ਤੋਂ ਉਤਸ਼ਾਹਿਤ ਹੋ ਉਨ੍ਹਾਂ ਵਿੱਚੋਂ 22 ਜੱਥੇਬੰਦੀਆਂ ਦੇ ਮੈਂਬਰਾਂ ਦੇ ਜ਼ੋਰ ਪਾਉਣ 'ਤੇ ਅਜੋਕੇ ਸਿਸਟਮ ਨੂੰ ਬਦਲਣ ਲਈ ਪੰਜਾਬ ਦੀ ਰਾਜਨੀਤੀ ਵਿਚ ਦਾਖ਼ਲ ਹੋਣ ਦਾ ਫ਼ੈਸਲਾ ਲਿਆ ਗਿਆ। ਭਾਵੇਂ ਬਾਕੀ ਦੀਆਂ 10 ਜੱਥੇਬੰਦੀਆਂ ਇਸ ਦੇ ਹੱਕ ਵਿਚ ਨਹੀਂ ਸਨ, ਪਰ ਉਨ੍ਹਾਂ ਵੱਲੋਂ ਵੀ ਇਸ ਦਾ ਬਹੁਤਾ ਵਿਰੋਧ ਵੀ ਨਹੀਂ ਕੀਤਾ ਗਿਆ। ਅਲਬੱਤਾ! ਉਨ੍ਹਾਂ ਦੇ ਆਗੂਆਂ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਮੈਂਬਰ ਆਪਣੀ ਮਰਜ਼ੀ ਅਨੁਸਾਰ ਵੋਟ ਪਾ ਸਕਦੇ ਹਨ। ਪਰ ਇਸ ਮੋਰਚੇ ਦੇ ਕਨਵੀਨਰ ਬਲਬੀਰ ਸਿੰਘ ਰਾਜੇਵਾਲ ਦਾ ਮੱਤ ਹੈ ਕਿ ਉਨ੍ਹਾਂ ਜੱਥੇਬੰਦੀਆਂ ਦੇ ਮੈਂਬਰ ਵੀ ਮੋਰਚੇ ਦੇ ਉਮੀਦਵਾਰਾਂ ਨੂੰ ਹੀ ਆਪਣੀਆਂ ਵੋਟਾਂ ਪਾਉਣਗੇ, ਕਿਉਂਕਿ ਉਹ ਬੀ.ਜੇ.ਪੀ. ਜਾਂ ਹੋਰ ਰਵਾਇਤੀ ਪਾਰਟੀਆਂ ਦੇ ਹੱਕ ਵਿਚ ਨਹੀਂ ਭੁਗਤ ਸਕਦੇ। ਹਾਂ, ਇਹ ਜ਼ਰੂਰ ਹੋ ਸਕਦਾ ਹੈ ਕਿ ਉਨ੍ਹਾਂ ਵਿੱਚੋਂ ਕੁਝ ਆਪਣੀ ਵੋਟ ਕਿਸੇ ਨੂੰ ਵੀ ਨਾਂ ਪਾਉਣ।

ਸੰਯੁਕਤ ਸਮਾਜ ਮੋਰਚਾ ਜੋ ਕਿਸਾਨਾਂ ਤੋਂ ਇਲਾਵਾ ਸਮਾਜ ਦੇ ਸਾਰੇ ਵਰਗਾਂ ਨੂੰ ਨਾਲ ਲੈ ਕੇ ਚੱਲਣ ਦਾ ਦਾਅਵਾ ਕਰ ਰਿਹਾ ਹੈ, ਨੇ ਹੁਣ ਤੀਕ 100 ਦੇ ਲੱਗਭੱਗ ਸੀਟਾਂ ਉੱਪਰ ਆਪਣੇ ਉਮੀਦਵਾਰ ਐਲਾਨ ਦਿੱਤੇ ਹਨ ਅਤੇ ਉਨ੍ਹਾਂ ਦੀ ਸਹਿਯੋਗੀ ਪਾਰਟੀ ਹਰਿਆਣੇ ਦੇ ਲੀਡਰ ਗੁਰਨਾਮ ਸਿੰਘ ਚੰਡੂਨੀ ਨੇ ਵੀ 10 ਸੀਟਾਂ ਤੋਂ ਆਪਣੇ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ। ਇਸ ਤਰ੍ਹਾਂ ਹੁਣ ਇਸ ਗੱਠਜੋੜ ਵੱਲੋਂ ਹੁਣ ਕੁਝ ਕੁ ਸੀਟਾਂ ਉੱਪਰ ਹੀ ਆਪਣੇ ਉਮੀਦਵਾਰ ਐਲਾਨਣੇ ਬਾਕੀ ਹਨ। ਚੋਣ ਕਮਿਸ਼ਨ ਵੱਲੋਂ ਇਸ ਮੋਰਚੇ ਵੱਲੋਂ ਰਜਿਸਟ੍ਰੇਸ਼ਨ ਲਈ ਦਿੱਤੀ ਗਈ ਅਰਜ਼ੀ ਵਿਚ ਕੇਝ ਇਤਰਾਜ਼ ਲਗਾਏ ਗਏ ਹਨ ਜਿਨ੍ਹਾਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਜੇਕਰ ਇਹ ਦੂਰ ਹੋ ਜਾਂਦੇ ਹਨ ਤਾਂ ਇਸ ਮੋਰਚੇ ਨੂੰ ਆਪਣਾ ਮਨ-ਭਾਉਂਦਾ ਚੋਣ-ਨਿਸ਼ਾਨ 'ਟਰੈਕਟਰ' ਵੀ ਮਿਲ ਸਕਦਾ ਹੈ ਪਰ ਚੰਡੂਨੀ ਸਾਹਿਬ ਦੀ ਪਾਰਟੀ ਦਾ ਚੋਣ-ਨਿਸ਼ਾਨ ਇਸ ਦੇ ਨਾਲੋਂ ਵੱਖਰਾ ਹੋਵੇਗਾ। ਇਸ ਵਿਚ ਕੋਈ ਦੋ ਰਾਵਾਂ ਨਹੀਂ ਹਨ ਕਿ ਕਿਸਾਨਾਂ ਦੀਆਂ ਇਹ ਦੋਵੇ ਪਾਰਟੀਆਂ ਪਹਿਲੀ ਵਾਰ ਚੋਣ-ਮੈਦਾਨ ਵਿਚ ਆਈਆਂ ਹਨ ਅਤੇ ਇਨ੍ਹਾਂ ਨੂੰ ਚੋਣਾਂ ਲੜਨ ਦਾ ਤਜਰਬਾ ਨਹੀਂ ਹੈ। ਦੋਹਾਂ ਪਾਰਟੀਆਂ ਵੱਲੋਂ ਆਪਣੇ ਉਮੀਦਵਾਰਾਂ ਦੇ ਹੱਕ ਵਿਚ ਚੋਣ ਪ੍ਰਚਾਰ ਸ਼ੁਰੂ ਕਰ ਦਿਤੱਾ ਗਿਆ ਹੈ। ਅੱਗੋਂ ਵੇਖੋ ਕੀ ਬਣਦਾ ਹੈ।

ਓਧਰ ਕਰੋਨਾ ਦੇ ਨਵੇਂ ਸਰੂਪ 'ਓਮੀਕਰੋਨ' ਦੀ ਆਮਦ ਨਾਲ ਚੋਣ ਕਮਿਸ਼ਨ ਵੱਲੋਂ ਚੋਣ-ਰੈਲੀਆਂ ਉੱਪਰ 31 ਜਨਵਰੀ ਤੱਕ ਪਾਬੰਦੀ ਵਧਾ ਦਿੱਤੀ ਗਈ ਹੈ। ਚੋਣ ਪ੍ਰਚਾਰ ਲਈ ਉਮੀਦਵਾਰ ਆਪਣੇ ਚਾਰ ਹੋਰ ਸਹਿਯੋਗੀਆਂ ਪੰਜ-ਪੰਜ ਦੇ ਗਰੁੱਪਾਂ ਨਾਲ ਘਰੋ-ਘਰੀ ਵੋਟਾਂ ਮੰਗਣ ਜਾ ਹਰੇ ਹਨ। 25 ਜਨਵਰੀ ਨੂੰ ਆਰੰਭ ਹੋਣ ਵਾਲੀਆਂ ਨਾਮਜ਼ਦਗੀਆਂ ਲਈ ਵੀ ਉਮੀਦਵਾਰਾਂ ਨੂੰ ਕੇਵਲ ਦੋ ਗੱਡੀਆਂ ਉੱਪਰ ਆਪਣੇ ਸਹਿਯੋਗੀਆਂ ਨਾਲ ਆਉਣ ਲਈ ਕਿਹਾ ਗਿਆ ਹੈ ਅਤੇ ਉਹ ਪਹਿਲੀਆਂ ਚੋਣਾਂ ਵਾਂਗ ਇਸ ਵਾਰ ਗੱਡੀਆਂ ਦੇ ਵੱਡੇ ਕਾਫ਼ਲੇ ਵਿਚ ਆ ਕੇ ਆਪਣਾ ਸ਼ਕਤੀ-ਪ੍ਰਦਰਸ਼ਨ ਨਹੀਂ ਕਰ ਸਕਦੇ। ਕਰੋਨਾ ਦੇ ਮੌਜੂਦਾ ਹਾਲਾਤ ਨੂੰ ਮੁੱਖ ਰੱਖਦਿਆਂ ਹੋ ਸਕਦਾ ਹੈ ਕਿ ਇਹ ਪਾਬੰਦੀਆਂ ਚੋਣਾਂ ਦੇ ਅਗਲੇ ਦਿਨਾਂ ਵਿਚ ਵੀ ਜਾਰੀ ਰਹਿਣ ਅਤੇ ਇਹ ਵੀ ਹੋ ਸਕਦਾ ਹੈ ਕਿ ਉਮੀਦਵਾਰਾਂ ਨੂੰ ਆਪਣੇ ਪ੍ਰਚਾਰ ਲਈ ਥੋੜ੍ਹੀ ਜਿਹੀ ਢਿੱਲ ਵੀ ਮਿਲ ਜਾਏ, ਜਿਸ ਦੀ ਬਹੁਤੀ ਉਮੀਦ ਨਹੀਂ ਹੈ।

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਇਨ੍ਹਾਂ ਅਸੈਂਬਲੀ ਚੋਣਾਂ ਵਿਚ ਪ੍ਰਸਥਿਤੀਆਂ ਪਹਿਲਾਂ ਨਾਲੋਂ ਬਿਲਕੁਲ ਵੱਖਰੀਆਂ ਹਨ। ਪਹਿਲਾਂ ਚੋਣ-ਮੁਕਾਬਲੇ ਦੋ ਪਾਰਟੀਆਂ ਵਿਚ ਸਿੱਧੇ ਜਾਂ ਫਿਰ ਵੱਧ ਤੋਂ ਵੱਧ ਤਿਕੋਣੇ ਹੁੰਦੇ ਸਨ ਪਰ ਇਸ ਵਾਰ ਇਹ ਪੰਜ-ਕੋਣੇ ਤਾਂ ਹਰੇਕ ਵਿਧਾਨ ਸਭਾ ਸੀਟ ਉੱਪਰ ਹੋਣਗੇ ਹੀ। ਲੁਧਿਆਣੇ ਵਰਗੇ ਸ਼ਹਿਰ ਅਤੇ ਹੋਰ ਕਈ ਥਾਵਾਂ 'ਤੇ ਜਿੱਥੇ ਬੈਂਸ ਭਰਾਵਾਂ ਦੀ ਲੋਕ ਇਨਸਾਫ਼ ਪਾਰਟੀ ਵੀ ਚੋਣ ਲੜ ਰਹੀ ਹੈ,ਇਹ ਛੇ-ਕੋਣੇ ਵੀ ਹੋ ਸਕਦੇ ਹਨ। ਇਨ੍ਹਾਂ ਤੋਂ ਇਲਾਵਾ ਰਵਾਇਤੀ ਪਾਰਟੀਆਂ ਦੇ ਰੁੱਸੇ ਹੋਏ ਉਮੀਦਵਾਰ ਜੋ ਪਾਰਟੀ ਟਿਕਟਾਂ ਨਾ ਮਿਲਣ ਕਾਰਨ ਆਜ਼ਾਦ ਉਮੀਦਵਾਰਾਂ ਵਜੋਂ ਇਹ ਚੋਣ ਲੜ ਰਹੇ ਹਨ, ਇਸ ਚੋਣ ਨੂੰ ਹੋਰ ਵੀ ਬਹੁ-ਕੋਣਾਂ ਬਣਾ ਦੇਣਗੇ। ਇਸ ਲਈ ਪੰਜਾਬ ਦੇ ਸੂਝਵਾਨ ਵੋਟਰਾਂ ਨੂੰ ਅਪੀਲ ਹੈ ਕਿ ਉਹ ਇਸ ਵਾਰ ਬਹੁਤ ਸੋਚ ਸਮਝ ਕੇ ਪਾਰਟੀ ਪੱਧਰ ਤੋਂ ਉੱਪਰ ਉੱਠ ਕੇ ਸਹੀ, ਯੋਗ, ਇਮਾਨਦਾਰ ਅਤੇ ਮਿਹਨਤੀ ਉਮੀਦਵਾਰਾਂ ਨੂੰ ਵੋਟ ਪਾ ਕੇ ਉਨ੍ਹਾਂ ਨੂੰ ਅੱਗੇ ਲਿਆਉਣ ਅਤੇ ਪੰਜਾਬ ਦੀ ਰਾਜਸੀ ਵਾਗ-ਡੋਰ ਉਨ੍ਹਾਂ ਦੇ ਹੱਥ ਸੌਂਪਣ।

*-ਡਾ. ਸੁਖਦੇਵ ਸਿੰਘ ਝੰਡ*
*(1-647-567-9128)*



# ਆਖਰ ਖਜ਼ਾਨਾ ਕਿਵੇਂ ਝੱਲੇਗਾ ਮੁਫ਼ਤ ਦੇ ਝੂਠੇ ਲਾਰਿਆਂ ਦਾ ਭਾਰ

ਪੰਜਾਬ ਚ ਵਿਧਾਨ ਸਭਾ ਚੋਣਾਂ ਦਾ ਵਿਗੁਲ ਵੱਜ ਚੁੱਕਾ ਹੈ। ਪੰਜਾਬ ਵਿੱਚ 16 ਵੀ ਵਿਧਾਨ ਸਭਾ ਚੋਣਾਂ ਦਾ 20 ਫਰਵਰੀ ਨੂੰ ਵੋਟਾਂ ਪਾਉਣ ਦਾ ਕੰਮ ਮੁਕੰਮਲ ਕੀਤਾ ਜਾਵੇਗਾ।ਜਿਸ ਦਾ ਰਿਜ਼ਲਟ 10 ਮਾਰਚ 2022 ਨੂੰ ਆਵੇਗਾ। ਇਸ ਤਹਿਤ ਦੇਸ਼ ਅੰਦਰ ਪੰਜ ਸੂਬਿਆਂ ਵਿੱਚ ਵੋਟਾਂ ਪੈਣੀਆਂ ਹਨ ਪੰਜਾਬ ਸਮੇਤ ਗੋਆਂ, ਉੱਤਰਾਖੰਡ, ਉੱਤਰ ਪ੍ਰਦੇਸ਼ ਅਤੇ ਮਨੀਪੁਰ ਵਿੱਚ 10 ਫਰਵਰੀ ਤੋਂ ਲੈ ਕੇ ਵੱਖ ਵੱਖ ਪੜਾਵਾਂ ਵਿੱਚ 7 ਮਾਰਚ ਤੱਕ ਵੋਟਾਂ ਪਾਉਣ ਦਾ ਕੰਮ ਮੁਕੰਮਲ ਕਰ ਲਿਆ ਜਾਵੇਗਾ। ਇੰਨਾ ਚੋਣਾਂ ਵਿੱਚ ਪੰਜਾਬ ਅਤੇ ਯੂ ਪੀ ਉੱਪਰ ਸਭ ਦੀਆਂ ਨਜ਼ਰਾਂ ਟਿਕੀਆਂ ਹੋਈਆਂ ਨੇ। ਇਸ ਦਾ ਕਾਰਨ ਕਿਸਾਨੀ ਅੰਦੋਲਨ ਨੂੰ ਵੀ ਮੰਨਿਆਂ ਜਾ ਰਿਹਾ ਹੈ। ਹਰ ਕੋਈ ਸੋਚ ਰਿਹਾ ਹੈ ਕਿ ਆਉਣ ਵਾਲੇ ਅਗਲੇ ਪੰਜ ਸਾਲਾਂ ਲਈ ਕੌਣ ਕੁਰਸੀ ਤੇ ਵਿਰਾਜਮਾਨ ਹੋਵੇਗਾ। ਜਿੱਥੋਂ ਤੱਕ ਪੰਜਾਬ ਦੀ ਗੱਲ ਕਰੀਏ ਤਾਂ ਪੰਜਾਬ ਅੰਦਰ ਕਾਫੀ ਹੱਦ ਤੱਕ ਚੋਣ ਅਖਾੜਾ ਭਖਿਆਂ ਹੋਇਆ ਹੈ। ਸਿਆਸੀ ਪਾਰਟੀਆਂ ਦੁਆਰਾ ਡੋਰ ਟੂ ਡੋਰ ਅਤੇ ਸੋਸ਼ਲ ਮੀਡੀਆ ਜ਼ਰੀਏ ਆਪੋ ਆਪਣੀ ਪਾਰਟੀ ਦੇ ਲਈ ਪ੍ਰਚਾਰ ਕੀਤਾ ਜਾ ਰਿਹਾ ਹੈ।ਹੁਣ ਤੱਕ ਆਮ ਆਦਮੀ ਪਾਰਟੀ,ਸ੍ਰੋਮਣੀ ਅਕਾਲੀ ਦਲ ਬਸਪਾ ਗਠਜੋੜ (ਬ) ਕਾਂਗਰਸ,ਭਾਜਪਾ ਕੈਪਟਨ,ਢੀਂਡਸਾ ਗਠਜੋੜ ,ਸੰਯੁਕਤ ਸਮਾਜ ਮੋਰਚਾ ਅਤੇ ਸ੍ਰੋਮਣੀ ਅਕਾਲੀ ਦਲ (ਅ) ਨੇ ਕਾਫੀ ਹੱਦ ਤੱਕ ਆਪੋ ਆਪਣੇ ਨੁਮਾਇੰਦੇ ਚੋਣ ਮੈਦਾਨ ਵਿੱਚ ਉਤਾਰ ਦਿੱਤੇ ਹਨ। ਹਾਲਾਂਕਿ ਕੋਵਿਡ 19 ਨੂੰ ਧਿਆਨ ਵਿੱਚ ਰੱਖਦੇ ਹੋਏ ਚੋਣ ਕਮਿਸ਼ਨ ਨੇ ਕੁੱਝ ਪਾਬੰਦੀਆਂ ਜਰੂਰ ਲਗਾ ਰੱਖੀਆਂ ਹਨ ਵੱਡੀਆ ਰੈਲੀਆਂ ਅਤੇ ਚੋਣ ਜਲਸਿਆਂ ਤੇ ਰੋਕ ਲਗਾਈ ਗਈ ਹੈ। ਪੰਜਾਬ ਵਾਸੀ ਸੁਕਰ ਮਨਾਉਣ ਕਿ ਜਿੰਨੀਆਂ ਵੱਡੀਆਂ ਰੈਲੀਆਂ ਉਨਾਂ ਹੀ ਜਿਆਦਾ ਖਰਚਾ ਉਨਾਂ ਜਨਤਾ ਸਿਰ ਬੋਝ ਨਾਲ ਹੀ ਨਾਲ ਕਰੋਨਾ ਵਰਗੀ ਖਤਰਨਾਕ ਬਿਮਾਰੀ ਫੈਲਣ ਦਾ ਜਿਆਦਾ ਖ਼ਤਰਾ ਜੋ ਵੀ ਕੀਤਾ ਕੁੱਲ ਮਿਲਾ ਕੇ ਚੋਣ ਕਮਿਸ਼ਨ ਦਾ ਵਧੀਆ ਫੈਸਲਾ ਹੈ। ਪੰਜਾਬ ਅੰਦਰ ਸਰਕਾਰ ਕਿਸੇ ਦੀ ਵੀ ਬਣੇ ਪੰਜਾਬ ਸਿਰ ਕਰਜ਼ੇ ਦੀ ਪੰਡ ਹੋਰ ਭਾਰੀ ਹੋਣ ਵਾਲੀ ਹੈ। ਜਿਸ ਦੀ ਆਮ ਆਦਮੀ ਕਲਪਨਾ ਵੀ ਨਹੀਂ ਕਰ ਸਕਦਾ ਪੰਜਾਬ ਚੋਂ ਚੋਣਾਂ ਦੇ ਐਲਾਨ ਤੋਂ ਪਹਿਲਾਂ ਪੰਜਾਬ ਵਿੱਚ ਕਾਂਗਰਸ ਪਾਰਟੀ ਦੀ ਮਾਨਯੋਗ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਸਰਕਾਰ ਸੀ ਅਤੇ ਇਸ ਮੌਜੂਦਾ ਸਰਕਾਰ ਨੇ ਚੋਣਾਂ ਦੇ ਐਲਾਨ ਤੋਂ ਪਹਿਲਾਂ ਕਈ ਤਰ੍ਹਾਂ ਦੇ ਵਾਅਦੇ ਜਨਤਾ ਨਾਲ ਕੀਤੇ। ਵਾਅਦਿਆਂ ਦੀ ਦੌੜ ਵਿੱਚ ਇਕੱਲੀ ਕਾਂਗਰਸ ਹੀ ਨਹੀਂ ਬਲਕਿ ਆਮ ਆਦਮੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਸਮੇਤ ਸਾਰੀਆਂ ਸਿਆਸੀ ਪਾਰਟੀਆਂ ਨੇ ਵੋਟਰਾਂ ਨੂੰ ਭਰਮਾਉਣ ਲਈ ਮਨ ਲੁਭਾਵਣੇ ਵਾਅਦੇ ਕੀਤੇ ਹਨ ਸੱਤਾ ਵਿੱਚ ਕੋਈ ਵੀ ਧਿਰ ਕਾਬਜ ਹੋਵੇ ਉਸ ਨੂੰ ਆਪਣੇ ਕੀਤੇ ਹੋਏ ਵਾਅਦੇ ਕਾਫੀ ਹੱਦ ਤੱਕ ਪੂਰੇ ਕਰਨੇ ਹੀ ਪੈਣੇ ਹਨ ਹੈਰਾਨੀਜਨਕ ਗੱਲ ਤਾਂ ਇਹ ਹੈ ਕਿ ਪੰਜਾਬ ਸਿਰ ਪਹਿਲਾਂ ਤੋਂ ਹੀ ਕੋਈ ਪੌਣੇ ਤਿੰਨ ਲੱਖ ਕਰੋੜ ਦੇ ਕਰੀਬ ਕਰਜੇ ਦਾ ਭਾਰੀ ਬੋਝ ਹੈ। ਪੰਜਾਬ ਪੂਰੀ ਤਰ੍ਹਾਂ ਨਾਲ ਕਰਜੇ ਨਾਲ ਜਕੜਿਆਂ ਹੋਇਆ ਏ ਇਸ ਤੋਂ ਪਹਿਲਾਂ ਜਦ ਪੰਜਾਬ ਵਿੱਚ ਅਕਾਲੀ ਦਲ ਭਾਜਪਾ ਗੱਠਜੋੜ ਸਰਕਾਰ ਸੱਤਾ ਛੱਡ ਕੇ ਗਈ ਸੀ।ਤਾਂ ਸੂਬੇ ਤੇ ਕਰੀਬ ਕਰੀਬ ਤਕਰੀਬਨ 1.82 ਲੱਖ ਕਰੋੜ ਦੇ ਨੇੜੇ ਕਰਜਾ ਬਕਾਇਆ ਸੀ ਇਸ ਮਗਰੋਂ ਲੰਘੇ ਪੰਜ ਸਾਲਾਂ ਦੌਰਾਨ ਕਰਜੇ ਦਾ ਬੋਝ ਘਟਣ ਦੀ ਬਜਾਏ ਵਧਿਆ ਹੈ। ਪੰਜਾਬ ਚ ਸਰਕਾਰ ਕਿਸੇ ਧਿਰ ਦੀ ਬਣੇ। ਜਿਸ ਤਰ੍ਹਾਂ ਦੇ ਸਿਆਸੀ ਲੀਡਰ ਲੋਕ ਲੁਭਾਵਣੇ ਵਾਅਦੇ ਕਰ ਰਹੇ ਹਨ ਇਸ ਨੂੰ ਦੇਖ ਕੇ ਲੱਗ ਰਿਹਾ ਹੈ ਪੰਜਾਬ ਸਿਰ ਆਉਣ ਵਾਲੇ ਸਮੇਂ ਚ ਕਰਜੇ ਦਾ ਬੋਝ ਘਟਣ ਵਾਲਾ ਨਹੀਂ ਸਗੋਂ ਵਧੇਗਾ। ਜਿਸ ਦਾ ਭਾਰ ਖਜ਼ਾਨੇ ਤੇ ਹਰ ਹਾਲ ਵਿੱਚ ਪਵੇਗਾ ਪੰਜਾਬ ਦੀ ਆਮਦਨ ਵਧਾਉਣ ਅਤੇ ਪੰਜਾਬ ਨੂੰ ਇਸ ਕਰਜੇ ਦੇ ਬੋਝ ਥੱਲਿਓਂ ਕੱਢਣ ਲਈ ਪੰਜਾਬ ਦੀਆਂ ਸਰਕਾਰਾਂ ਨੇ ਕੋਈ ਠੋਸ ਉਪਰਾਲੇ ਨਹੀਂ ਕੀਤੇ। ਏਸੇ ਕਾਰਨ ਖਜ਼ਾਨੇ ਚ ਹੋਣ ਵਾਲੇ ਮਾਲੀਏ ਦੇ ਨੁਕਸਾਨ ਵਿੱਚ ਕੋਈ ਕਮੀ ਨਹੀਂ ਆ ਰਹੀ ਸੂਬੇ ਵਿੱਚ ਕਿਸਾਨਾਂ ਦੀ ਕਰਜ਼ਾ ਮੁਆਫੀ ਦਾ 1200 ਕਰੋੜ ਰੁਪਿਆ ਪਹਿਲਾਂ ਹੀ ਜਾਰੀ ਕੀਤਾ ਜਾ ਚੁੱਕਾ ਹੈ ਇਸ ਤੋਂ ਬਿਨਾਂ ਹੋਰ ਕਈ ਯੋਜਨਾਵਾਂ ਤਹਿਤ ਜਿਸ ਵਿੱਚ ਬਿਜਲੀ ਮੁਆਫ਼ੀ, ਲਾਭਪਾਤਰੀਆਂ ਨੂੰ ਦਿੱਤੀ ਜਾਣ ਵਾਲੀ ਰਕਮ ਵੀ ਵਧਾ ਦਿੱਤੀ ਗਈ। ਇਸ ਕਰਕੇ ਵੀ ਪੰਜਾਬ ਦੇ ਖਜ਼ਾਨੇ ਤੇ ਕਰਜੇ ਦਾ ਬੋਝ ਵਧਿਆ ਮੌਜੂਦਾ ਸਰਕਾਰ ਦੇ ਆਖਰੀ ਬਜਟ ਚ ਇਹ ਗੱਲ ਸਾਹਮਣੇ ਆਈ ਹੈ ਕਿ ਪੰਜਾਬ ਐਨਾ ਕੁ ਕਰਜਾਈ ਹੈ ਜਿਸ ਦਾ ਸਿੱਧਾ ਸਿੱਧਾ ਅਸਰ ਪੰਜਾਬ ਦੇ ਆਮ ਲੋਕਾਂ ਤੇ ਪੈਣਾ ਲਾਜ਼ਮੀ ਹੈ ਜਿਸ ਦੇ ਅਨੁਸਾਰ ਵੇਖਿਆਂ ਜਾਵੇ ਤਾਂ ਪੰਜਾਬ ਚ ਪੈਂਦਾ ਹੋਣ ਵਾਲਾ ਹਰ ਬੱਚਾ ਜਨਮ ਲੈਂਦਿਆ ਹੀ ਲੱਗਭੱਗ 82 ਹਜ਼ਾਰ ਰੁਪਏ ਦੇ ਤਕਰੀਬਨ ਕਰਜਾਈ ਹੈ।ਹੁਣ ਤੁਸੀਂ ਸੋਚ ਹੀ ਸਕਦੇ ਹੋ ਆਉਣ ਵਾਲੇ ਸਮੇਂ ਚ ਪੰਜਾਬ ਦੇ ਕੀ ਹਾਲਾਤ ਹੋਣਗੇ ।ਲੀਡਰ ਜੋ ਮਰਜ਼ੀ ਫੋਕੀਆਂ ਫੜ੍ਹਾਂ ਮਾਰ ਰਹੇ ਹੋਣ। ਪਰ ਪੰਜਾਬ ਦੇ ਜੋ ਅੰਦਰੂਨੀ ਹਾਲਾਤ ਹਨ ਉਹ ਹੋਰ ਬਹੁਤ ਸਮਾਂ ਕਿਸੇ ਤੋਂ ਲੁਕੇ ਨਹੀ ਰਹਿ ਸਕਦੇ। ਇਹ ਸਭ ਦੇਖ ਕੇ ਤਾਂ ਕਦੇ ਕਦੇ ਲੱਗਦਾ ਹੈ ਕਿ ਪੰਜਾਬ ਦਾ ਤਾਂ ਹੁਣ ਰੱਬ ਹੀ ਰਾਖਾ ਹੈ। ਕਿਉਂਕਿ ਸਾਰੇ ਲੀਡਰਾਂ ਨੂੰ ਕਿਤੇ ਨਾ ਕਿਤੇ ਆਪਣੀ ਕੁਰਸੀ ਪਰਿਵਾਰ ਦਾ ਹੀ ਫਿਕਰ ਹੈ ਪੰਜਾਬ ਦਾ ਆਉਣ ਵਾਲਾ ਸਮਾਂ ਕਿਸੇ ਸਿਆਸੀ ਪਾਰਟੀ ਜਾਂ ਲੀਡਰ ਦੇ ਚਿੱਤ ਚੇਤੇ ਨਹੀਂ।ਕਿਸ ਸਿਆਸੀ ਪਾਰਟੀ ਨੇ ਸੋਚਿਆ ਹੈ ਕਿ ਮੁਫ਼ਤੋ ਮੁਫ਼ਤੀ ਦੀ ਖੇਡ ਵਿੱਚ ਆਖਰ ਖਜ਼ਾਨਾ ਕਿਵੇਂ ਝੱਲੇਗਾ ਮੁਫ਼ਤ ਦੇ ਝੂਠੇ ਲਾਰਿਆਂ ਦਾ ਬੋਝ।।



*-ਬਲਤੇਜ ਸੰਧੂ*
*ਬੁਰਜ ਲੱਧਾ*
*ਬਠਿੰਡਾ*
*9465818158*



# ਗੱਡੀ ਸਣੇ ਨਹਿਰ ਵਿੱਚ ਡਿੱਗਣ ਕਾਰਨ ਤਿੰਨ ਦੋਸਤਾਂ ਦੀ ਮੌਤ

ਬੱਸੀ ਪਠਾਣਾਂ, 25 ਜਨਵਰੀ (ਪੋਸਟ ਬਿਊਰੋ)- ਕੱਲ੍ਹ ਰਾਤ ਖਾਲਸਪੁਰ ਨਹਿਰ ਵਿੱਚ ਇੱਕ ਟਾਟਾ 407 ਗੱਡੀ ਸਣੇ ਤਿੰਨ ਦੋਸਤਾਂ ਦੇ ਡਿੱਗ ਜਾਣ ਕਾਰਨ ਤਿੰਨਾਂ ਦੀ ਮੌਤ ਹੋ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ, ਜਿਨ੍ਹਾਂ ਵਿੱਚੋਂ ਦੋ ਦੀਆਂ ਲਾਸ਼ਾਂ ਨੂੰ ਬਰਾਮਦ ਕਰ ਲਿਆ ਅਤੇ ਇੱਕ ਦੀ ਭਾਲ ਅਜੇ ਜਾਰੀ ਹੈ।

ਐਸ ਐਚ ਓ ਨੇ ਦੱਸਿਆ ਕਿ ਉਨ੍ਹਾਂ ਨੂੰ ਸਵੇਰੇ ਕਿਸੇ ਨੇ ਸੂਚਨਾ ਦਿੱਤੀ ਕਿ ਖਾਲਸਪੁਰ ਨਹਿਰ ਵਿੱਚ ਇੱਕ ਗੱਡੀ ਡਿੱਗੀ ਪਈ ਹੈ, ਜਿਸ ਉੱਤੇਉਨ੍ਹਾਂ ਨੇ ਗੋਤਾਖੋਰਾਂ ਨੂੰ ਬੁਲਾ ਕੇ ਗੱਡੀ ਕੱਢਵਾਈ, ਜਿਸ ਵਿੱਚੋਂ ਦੋ ਲਾਸ਼ਾਂ ਮਿਲੀਆਂ ਜਿਨ੍ਹਾਂ ਦੀ ਪਛਾਣ ਮਨਪ੍ਰੀਤ ਉਰਫ਼ ਮਨੀ ਪੁੱਤਰ ਤੇਜਾ ਸਿੰਘ ਵਾਸੀ ਖਾਲਸਪੁਰ, ਜੋ ਆਟੋ ਚਾਲਕ ਸੀ ਅਤੇ ਦੂਜੇ ਦੀ ਪਹਿਚਾਣ ਭੁੱਲਰ ਪੁੱਤਰ ਸ਼ਿਵ ਕੁਮਾਰ ਵਾਰਡ ਨੰਬਰ ਪੰਜ ਵਾਸੀ ਬੱਸੀ ਪਠਾਣਾਂ, ਜੋ ਬੱਸ ਸਟੈਂਡ ਵਿਖੇ ਸਫ਼ਾਈ




ਕਰਮਚਾਰੀ ਸੀ, ਵਜੋਂ ਹੋਈ ਹੈ। ਗੱਡੀ ਦਾ ਸ਼ੀਸ਼ਾ ਟੁੱਟਣ ਕਾਰਨ ਸ਼ਾਇਦ ਇਨ੍ਹਾਂ ਦਾ ਇੱਕ ਦੋਸਤ ਪਾਣੀ ਦੇ ਵਹਾਅ ਕਾਰਨ ਅੱਗੇ ਵਹਿ ਗਿਆ ਸੀ, ਜਿਸ ਦੀ ਪਹਿਚਾਣ ਵਿੱਕੀ ਪੁੱਤਰ ਰਾਕੇਸ਼ ਕੁਮਾਰ ਵਾਸੀ ਬੱਸੀ ਪਠਾਣਾਂ ਵਜੋਂ ਹੋਈ ਹੈ, ਜੋਟਾਟਾ 407 ਦਾ ਡਰਾਈਵਰ ਹੁੰਦਾ ਸੀ। ਮਨਪ੍ਰੀਤ ਸਿੰਘ ਦਾ ਅਜੇ ਮੰਗਣਾ ਹੋਇਆ ਸੀ ਅਤੇ ਉਸ ਨੂੰ ਉਸਦੇ ਦੋਸਤ ਖਾਲਸਪੁਰ ਛੱਡਣ ਜਾ ਰਹੇ ਸੀ। ਇਨ੍ਹਾਂ ਵਿੱਚੋਂ ਇੱਕ ਦੋਸਤ ਵਿੱਕੀ, ਜਿਸਦੇ ਤਿੰਨ ਲੜਕੀਆਂ ਤੇ ਇੱਕ ਡੇਢ ਸਾਲ ਦਾ ਪੁੱਤਰ ਹੈ ਅਤੇ ਇੱਕ ਦੋਸਤ ਭੁੱਲਰ, ਜੋ 9 ਭੈਣਾਂ ਦਾ ਇੱਕਲੌਤਾ ਭਰਾ ਸੀ ਤੇ ਉਸ ਦੇ ਦੋ ਸਾਲਾਂ ਦਾ ਪੁੱਤਰ ਹੈ।

# ਆਪ ਪਾਰਟੀ ਦੀ ਮਹਿਲਾ ਨੇਤਾ ਖ਼ਿਲਾਫ਼ ਅਸ਼ਲੀਲ ਸ਼ਬਦਾਂ ਦੀ ਵਰਤੋਂ

### * ਮਾਮਲਾ ਪਾਰਟੀ ਹਾਈ ਕਮਾਨ ਕੋਲ ਜਾ ਪਹੁੰਚਿਆ

ਜਲੰਧਰ, 25 ਜਨਵਰੀ (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਦੀ ਇੱਕ ਸੀਨੀਅਰ ਮਹਿਲਾ ਨੇਤਾ ਖ਼ਿਲਾਫ਼ ਵਰਤੀ ਗਈ ਅਸ਼ਲੀਲ ਸ਼ਬਦਾਵਲੀ ਦਾ ਮੁੱਦਾ ਪਾਰਟੀ ਹਾਈ ਕਮਾਨ ਕੋਲ ਪੁੱਜ ਗਿਆ ਹੈ, ਪਰ ਇਸ ਮਾਮਲੇ ਨੂੰ ਦਬਾਉਣ ਅਤੇ ਪੰਜਾਬ ਦੀ ਸੂਬਾ ਪੱਧਰੀ ਮਹਿਲਾ ਨੇਤਾ ਨੂੰ ਮਨਾਉਣ ਅਤੇ ਉਕਤ ਅਸ਼ਲੀਲ ਸ਼ਬਦਾਵਲੀ ਬੋਲਣ ਵਾਲੇ ਨੇਤਾ ਨੂੰ ਮੁਆਫ ਕਰਨ ਲਈ ਵੀ ਕਿਹਾ ਜਾ ਰਿਹਾ ਹੈ। ਮਹਿਲਾ ਨੇਤਾ ਨੇ ਭਾਵੁਕ ਹੁੰਦੇ ਹੋਏ ਕਿਹਾ ਕਿ ਇਹ ਉਸ ਦੇ ਮਾਣ-ਸਨਮਾਨ ਦਾ ਸਵਾਲ ਹੈ। ਇਸ ਮਾਮਲੇ ਵਿੱਚ ਪਾਰਟੀ ਹਾਈ ਕਮਾਨ ਨੇ ਹੀ ਫੈਸਲਾ ਕਰਨਾ ਹੈ।

ਵਰਣਨਯੋਗ ਹੈ ਕਿ ਬੀਤੇ ਕੁਝ ਦਿਨਾਂ ਤੋਂ ਸੋਸ਼ਲ ਮੀਡੀਆ ਉੱਤੇ ਇੱਕ ਮੁੱਦਾ ਜ਼ੋਰ-ਸ਼ੋਰ ਨਾਲ ਪ੍ਰਚਾਰਤ ਕੀਤਾ ਜਾ ਰਿਹਾ ਹੈ, ਜਿਸ ਵਿੱਚ




ਜਲੰਧਰ ਦੇ ਵਸਨੀਕ ਆਮ ਆਦਮੀ ਪਾਰਟੀ ਦੇ ਇੱਕ ਨੇਤਾ ਵੱਲੋਂ 'ਗੁੰ..' ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ, ਜਿਸ ਉੱਤੇ ਮਹਿਲਾ ਨੇਤਾ ਦਾ ਕਹਿਣਾ ਹੈ ਕਿ ਉਹ ਨੇਤਾ ਜਦੋਂ ਤਕ ਇਹ ਨਹੀਂ ਦੱਸਦਾ ਕਿ ਉਸ ਨੇ ਇਹ ਸ਼ਬਦਕਿਉਂ ਵਰਤੇ ਸਨ, ਤਦ ਤਕ ਮੁਆਫੀ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।ਇਸ ਸਬੰਧੀ ਜਦੋਂ ਉਕਤ ਨੇਤਾ ਨਾਲ ਫੋਨ ਉੱਤੇ ਗੱਲ ਕੀਤੀ ਗਈ ਤਾਂ ਉਸ ਨੇ ਕਿਹਾ ਕਿ ਉਸਨੇ ਕਿਸੇ ਦੇ ਖ਼ਿਲਾਫ਼ ਕੁਝ ਨਹੀਂ ਕਿਹਾ, ਅਜਿਹਾ ਕੋਈ ਮਾਮਲਾ ਹੈ ਹੀ ਨਹੀਂ। ਜਦੋਂ ਉਸ ਨੂੰ ਪੁੱਛਿਆ ਗਿਆ ਕਿ ਉਕਤ ਮਹਿਲਾ ਨੇਤਾ ਨੇ ਇਸਦੀ ਪੁਸ਼ਟੀ ਕੀਤੀ ਤੇ ਕਿਹਾ ਹੈ ਕਿ ਉਹ ਆਪਣੇ ਸਨਮਾਨ ਦੀ ਖਾਤਰ ਇਨਸਾਫ਼ ਲੈ ਕੇ ਰਹੇਗੀ ਤਾਂ ਉਸ ਨੇਤਾ ਨੇ ਕਿਹਾ ਕਿ ਉਹ ਚੰਡੀਗੜ੍ਹ ਵਿੱਚ ਪਾਰਟੀ ਮੀਟਿੰਗ ਵਿੱਚ ਹੈ। ਕੋਈ ਈਸ਼ੂ ਹੈ ਤਾਂ ਉਹ ਬਾਅਦ ਵਿੱਚ ਗੱਲ ਕਰੇਗਾ।ਦੂਜੇ ਪਾਸੇ ਉਕਤ ਮਹਿਲਾ ਨੇਤਾ ਨੇ ਗੱਲਬਾਤ ਦੌਰਾਨ ਆਪਣਾ ਪੱਖ ਰੱਖਦੇ ਹੋਏ ਬੇਹੱਦ ਭਾਵੁਕ ਸ਼ਬਦਾਂ ਵਿੱਚ ਕਿਹਾ ਕਿ ਉਕਤ ਨੇਤਾ ਨੇ ਪਾਰਟੀ ਦੇ ਅਧਿਕਾਰਤ ਵਟਸਐਪ ਗਰੁੱਪ ਜਿਸ ਵਿੱਚ ਹੋਰ ਵੀ ਔਰਤਾਂ ਸ਼ਾਮਲ ਹਨ, ਵਿੱਚ ਭੱਦੇ ਤੇ ਗੰਦੇ ਸ਼ਬਦ ਲਿਖ ਕੇ ਪਾਰਟੀ ਦੇ ਅਕਸ ਨੂੰ ਠੇਸ ਪਹੁੰਚਾਈ ਹੈ। ਉਨ੍ਹਾਂ ਦੱਸਿਆ ਕਿ ਪਾਰਟੀ ਦੇ ਸੀਨੀਅਰ ਨੇਤਾ ਮਾਮਲੇ ਦੀ ਜਾਂਚ ਕਰ ਰਹੇ ਹਨ।

# ਉਮੀਦਵਾਰਾਂ ਦੇ ਨਾਂਵਾਂ ਵਾਲੇ ਡੰਮੀ ਉਮੀਦਵਾਰ ਖੜੇ ਕਰ ਕੇ ਵੋਟਰਾਂ ਨੂੰ ਭੁਚਲਾਉਣ ਦਾ ਰੁਝਾਨ

ਚੰਡੀਗੜ੍ਹ, 25 ਜਨਵਰੀ (ਪੋਸਟ ਬਿਊਰੋ)- ਪੰਜਾਬ ਵਿਧਾਨ ਸਭਾ ਚੋਣਾਂ ਦੇ ਮੈਦਾਨ ਵਿੱਚ ਐਤਕੀਂ ਫਿਰ ਇੱਕੋ ਨਾਮ ਵਾਲੇ ਕਈ-ਕਈ ਉਮੀਦਵਾਰ ਮਿਲ ਜਾਣ ਤਾਂ ਹੈਰਾਨ ਨਾ ਹੋਣਾ। ਸਿਆਸੀ ਪਿੜ ਵਿੱਚ ਇਹ ਰੁਝਾਨ ਬਹੁਤ ਪੁਰਾਣਾ ਨਹੀਂ, ਪਰ ਇਸ ਵਾਰੀ ਸੰਭਾਵਨਾ ਹੈ ਕਿ ਵੋਟਰਾਂ ਨੂੰ ਭੁਚਲਾਉਣ ਲਈ ਰਾਜਸੀ ਧਿਰਾਂ ਹਰ ਚਾਲ ਚੱਲ ਸਕਦੀਆਂ ਹਨ।

ਚਮਕੌਰ ਸਾਹਿਬ ਹਲਕੇ ਤੋਂ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਕਾਂਗਰਸੀ ਉਮੀਦਵਾਰ ਹੋਣਗੇ। ਆਮ ਆਦਮੀ ਪਾਰਟੀ ਨੇ ਚੰਨੀ ਦੇ ਮੁਕਾਬਲੇ ਵਿੱਚ ਡਾਕਟਰ ਚਰਨਜੀਤ ਸਿੰਘ ਨੂੰ ਉਮੀਦਵਾਰ ਬਣਾਇਆ ਹੈ। ਚਰਨਜੀਤ ਸਿੰਘ ਚੰਨੀ ਨੇ 2017 ਵਿੱਚ ਇਸੇ ਚਰਨਜੀਤ ਸਿੰਘ ਨੂੰ ਹਰਾਇਆ ਸੀ। ਏਸੇ ਤਰ੍ਹਾਂ ਕੈਪਟਨ ਅਮਰਿੰਦਰ ਸਿੰਘ ਨੇ ਜਦੋਂ ਅੰਮ੍ਰਿਤਸਰ ਤੋਂ 2014 ਵਿੱਚ ਲੋਕ ਸਭਾ ਚੋਣ ਲੜੀ ਤਾਂ ਉਸੇ ਹਲਕੇ ਤੋਂ ਇੱਕ ਹੋਰ ਆਜ਼ਾਦ ਉਮੀਦਵਾਰ ਅਮਰਿੰਦਰ ਸਿੰਘ ਚੋਣ ਮੈਦਾਨ ਆ ਗਿਆ। ਮਨਪ੍ਰੀਤ ਸਿੰਘ ਬਾਦਲ ਉਦੋਂ ਹੱਕੇ-ਬੱਕੇ ਰਹਿ ਗਏ, ਜਦੋਂ ਉਨ੍ਹਾਂ ਦੇ ਮੁਕਾਬਲੇ ਹਲਕਾ ਬਠਿੰਡਾ ਤੋਂ 2014 ਵਿੱਚ ਲੋਕ ਸਭਾ ਚੋਣ ਦੌਰਾਨ ਇੱਕ ਆਜ਼ਾਦ ਉਮੀਦਵਾਰ ਮਨਪ੍ਰੀਤ ਸਿੰਘ ਬਾਦਲ ਆ ਗਿਆ ਸੀ। ਆਜ਼ਾਦ ਉਮੀਦਵਾਰ ਦਾ ਚੋਣ ਨਿਸ਼ਾਨ 'ਪਤੰਗ' ਸੀ, ਜਿਹੜਾ ਬਿਨਾਂ ਕਿਸੇ ਚੋਣ ਪ੍ਰਚਾਰ ਤੋਂ 4618 ਵੋਟਾਂ ਲੈ ਗਿਆ ਸੀ।

ਐਤਕੀਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਫਿਰ ਪਛਾਣ ਦਾ ਸੰਕਟ ਹੋ ਸਕਦਾ ਹੈ। ਪ੍ਰਮੁੱਖ ਸਿਆਸੀ ਧਿਰਾਂ ਵੱਲੋਂ ਇੱਕ ਦੂਸਰੇ ਖਿਲਾਫ ਆਪਣੇ ਵਿਰੋਧੀ ਉਮੀਦਵਾਰ ਦੇ ਨਾਂ ਵਾਲੇ



ਆਜ਼ਾਦ ਉਮੀਦਵਾਰ ਖੜ੍ਹੇ ਕੀਤੇ ਜਾਂਦੇ ਹਨ ਤਾਂ ਜੋ ਵੋਟਰਾਂ ਵਿੱਚ ਭੰਬਲਭੂਸਾ ਬਣ ਜਾਵੇ। ਉਂਜ ਇਹ ਸਿਆਸੀ ਚਾਲ ਕਦੇ ਬਹੁਤੀ ਸਫਲ ਨਹੀਂ ਹੋਈ ਹੈ। ਏਦ੍ਹਾਂ ਦੀ ਸਿਆਸੀ ਘੁਣਤਰ 2002 ਦੀਆਂ ਚੋਣਾਂ ਤੋਂ ਮਗਰੋਂ ਸ਼ੁਰੂ ਹੋਈ ਹੈ। ਸਾਲ 2017 ਦੀਆਂ ਚੋਣਾਂ ਵਿੱਚ ਹਲਕਾ ਦਾਖਾ ਤੋਂ ਅਕਾਲੀ ਉਮੀਦਵਾਰ ਮਨਪ੍ਰੀਤ ਸਿੰਘ ਇਆਲੀ ਦੇ ਮੁਕਾਬਲੇ ਇਸੇ ਹਲਕੇ ਤੋਂ ਆਜ਼ਾਦ ਉਮੀਦਵਾਰ ਮਨਪ੍ਰੀਤ ਸਿੰਘ 'ਅਕਾਲੀ' ਡਟ ਗਿਆ ਸੀ।

ਇਸ ਖੇਡ ਵਿੱਚ ਹਲਕਾ ਰਾਮ-ਪੁਰਾ ਫੂਲ ਸਭ ਤੋਂ ਅੱਗੇ ਰਿਹਾ, ਜਿੱਥੇ ਰਵਾਇਤੀ ਵਿਰੋਧੀ ਸਿਕੰਦਰ ਸਿੰਘ ਮਲੂਕਾ ਤੇ ਗੁਰਪ੍ਰੀਤ ਸਿੰਘ ਕਾਂਗੜ ਵਿਚਾਲੇ ਟੱਕਰ ਹੁੰਦੀ ਰਹੀ ਹੈ। 2017 ਦੀਆਂ ਚੋਣਾਂ ਵਿੱਚ ਰਾਮਪੁਰਾ ਹਲਕੇ ਤੋਂ ਚੋਣ ਮੈਦਾਨ ਵਿੱਚ ਇਕੱਲਾ ਗੁਰਪ੍ਰੀਤ ਸਿੰਘ ਕਾਂਗੜ ਨਹੀਂ ਸੀ, ਤਿੰਨ ਹੋਰ ਗੁਰਪ੍ਰੀਤ ਵੀ ਆਜ਼ਾਦ ਉਮੀਦਵਾਰ ਵਜੋਂ ਖੜੇ ਸਨ ਅਤੇ ਅਕਾਲੀ ਉਮੀਦਵਾਰ ਸਿਕੰਦਰ ਸਿੰਘ ਮਲੂਕਾ ਇਕੱਲੇ ਨਹੀਂ, ਇੱਕ ਹੋਰ ਸਿਕੰਦਰ ਵੀ ਮੈਦਾਨ ਵਿੱਚ ਸੀ। ਸਾਲ 2007 ਦੀਆਂ ਚੋਣਾਂ ਵਿੱਚ ਵੀ ਇਸ ਹਲਕੇ ਤੋਂ ਇੱਕੋ ਵੇਲੇ ਤਿੰਨ ਸਿਕੰਦਰ ਅਤੇ ਦੋ ਗੁਰਪ੍ਰੀਤ ਚੋਣ ਲੜ ਰਹੇ ਸਨ।2012 ਦੀਆਂ ਚੋਣਾਂ ਵਿੱਚ ਮਜੀਠਾ ਹਲਕੇ ਤੋਂ ਅਕਾਲੀ ਉਮੀਦਵਾਰ ਬਿਕਰਮ ਸਿੰਘ ਮਜੀਠੀਆ ਤੋਂ ਬਿਨਾ ਇੱਕ ਆਜ਼ਾਦ ਉਮੀਦਵਾਰ ਬਿਕਰਮ ਸਿੰਘ ਵੀ ਮੈਦਾਨ ਵਿੱਚ ਆ ਗਿਆ। ਵਿਰੋਧੀ ਕਾਂਗਰਸੀ ਉਮੀਦਵਾਰ ਸੁਖਜਿੰਦਰ ਰਾਜ ਸਿੰਘ ਦੇ ਬਰਾਬਰ ਆਜ਼ਾਦ ਉਮੀਦਵਾਰ ਸੁਖਜਿੰਦਰ ਸਿੰਘ ਖੜਾ ਹੋ ਗਿਆ। ਸਾਲ 2017 ਦੀਆਂ ਚੋਣਾਂ ਵਿੱਚ ਜ਼ੀਰਾ ਹਲਕੇ ਵਿੱਚ ਸਭ ਤੋਂ ਵੱਧ ਪਛਾਣ ਦਾ ਸੰਕਟ ਸੀ, ਜਦੋਂ ਇੱਥੋਂ ਇੱਕੋ ਵੇਲੇ ਚਾਰ ਕੁਲਬੀਰ ਸਿੰਘ ਸਨ, ਜਿਨ੍ਹਾਂ ਵਿੱਚੋਂ ਕਾਂਗਰਸ ਉਮੀਦਵਾਰ ਕੁਲਬੀਰ ਸਿੰਘ ਤੋਂ ਬਿਨਾਂ ਬਾਕੀ ਤਿੰਨ ਕੁਲਬੀਰ ਆਜ਼ਾਦ ਉਮੀਦਵਾਰ ਸਨ। ਇੱਥੋਂ ਹੀ ਆਮ ਆਦਮੀ ਪਾਰਟੀ ਦੇ ਉਮੀਦਵਾਰ ਗੁਰਪ੍ਰੀਤ ਸਿੰਘ ਦੇ ਸਾਹਮਣੇ ਤਿੰਨ ਹੋਰ ਗੁਰਪ੍ਰੀਤ ਆਜ਼ਾਦ ਉਮੀਦਵਾਰ ਵਜੋਂ ਚੋਣ ਲੜ ਰਹੇ ਸਨ।

ਸਾਲ 2007 ਦੀਆਂ ਚੋਣਾਂ ਵਿੱਚ ਹਲਕਾ ਸਮਰਾਲਾ ਤੋਂ ਕਾਂਗਰਸੀ ਉਮੀਦਵਾਰ ਅਮਰੀਕ ਸਿੰਘ ਨਾਲ ਚੋਣ ਮੈਦਾਨ ਵਿੱਚ ਦੋ ਹੋਰ ਅਮਰੀਕ ਸਿੰਘ ਆਜ਼ਾਦ ਖੜੇ ਸਨ। ਇਨ੍ਹਾਂ ਚੋਣਾਂ ਵਿੱਚ ਹੀ ਹਲਕਾ ਧਾਰੀਵਾਲ ਤੋਂ ਸੁੱਚਾ ਸਿੰਘ ਨਾਂਅ ਦੇ ਤਿੰਨ ਉਮੀਦਵਾਰ ਆਹਮੋ ਸਾਹਮਣੇ ਸਨ। ਇੱਕ ਸੁੱਚਾ ਸਿੰਘ ਲੰਗਾਹ, ਦੂਜਾ ਸੁੱਚਾ ਸਿੰਘ ਛੋਟੇਪੁਰ ਤੇ ਤੀਜਾ ਆਜ਼ਾਦ ਉਮੀਦਵਾਰ ਸੁੱਚਾ ਸਿੰਘ। ਅਬੋਹਰ ਹਲਕੇ ਵਿੱਚ ਸੁਨੀਲ ਜਾਖੜ ਦੇ ਨਾਲ ਆਜ਼ਾਦ ਉਮੀਦਵਾਰ ਸੁਨੀਲ ਕੁਮਾਰ ਚੋਣਾਂ ਵਿੱਚ ਖੜ੍ਹਾ ਸੀ। 1997 ਦੀਆਂ ਚੋਣਾਂ ਵਿੱਚ ਅੰਮ੍ਰਿਤਸਰ ਦੱਖਣੀ ਤੋਂ ਹਰਜਿੰਦਰ ਸਿੰਘ ਠੇਕੇਦਾਰ ਦੇ ਅੱਗੇ ਇੱਕ ਹੋਰ ਹਰਜਿੰਦਰ ਸਿੰਘ ਵੀ ਡਟਿਆ ਹੋਇਆ ਸੀ। 2017 ਵਿੱਚ ਬਟਾਲਾ ਤੋਂ ਤਿੰਨ ਅਸ਼ਵਨੀ ਚੋਣ ਲੜੇ ਸਨ। 2012 ਦੀਆਂ ਚੋਣਾਂ ਵਿੱਚ ਫਰੀਦਕੋਟ ਹਲਕੇ ਤੋਂ ਤਿੰਨ ਅਵਤਾਰ ਸਿੰਘ ਚੋਣ ਲੜੇ ਸਨ।

# ਜਦੋਂ ਕੈਪਟਨ ਅਮਰਿੰਦਰ ਨੇ ਬ੍ਰਹਮ ਮਹਿੰਦਰਾ ਦੀ ਜੱਦੀ ਸੀਟ ਖੋਹੀ

ਪਟਿਆਲਾ, 25 ਜਨਵਰੀ (ਪੋਸਟ ਬਿਊਰੋ)- ਸਾਲ 1992 ਵਿੱਚ ਕਾਂਗਰਸ ਵਿੱਚ ਆ ਕੇ ਪੰਜਾਬ ਕਾਂਗਰਸ ਦੇ ਪ੍ਰਧਾਨ ਬਣੇ ਕੈਪਟਨ ਅਮਰਿੰਦਰ ਸਿੰਘ ਨੇ ਪਟਿਆਲਾ ਸ਼ਹਿਰੀ ਸੀਟ ਬ੍ਰਹਮ ਮਹਿੰਦਰਾ ਤੋਂ ਜ਼ਬਰਦਸਤੀ ਖੋਹ ਕੇ ਚੋਣ ਲੜੀ ਸੀ, ਜਦ ਕਿ ਇਸ ਸੀਟ ਤੋਂ ਲਗਾਤਾਰ 1980 ਤੋਂ ਬ੍ਰਹਮ ਮਹਿੰਦਰਾ ਚੋਣ ਲੜਦੇ ਰਹੇ ਸਨ। ਇਸ ਤੋਂ ਬਾਅਦ ਬ੍ਰਹਮ ਮਹਿੰਦਰਾ ਤੇ ਅਮਰਿੰਦਰ ਸਿੰਘ ਦੇ ਰਿਸ਼ਤਿਆਂ ਵਿੱਚ ਕੁੜੱਤਣ ਆ ਗਈ, ਜੋ ਬਾਅਦ ਵਿੱਚ ਵਧਦੀ





ਗਈ। ਇਨ੍ਹਾਂ ਦੇ ਜੱਦੀ ਘਰ ਆਹਮੋ-ਸਾਹਮਣੇ ਹੋਣ ਦੇ ਬਾਵਜੂਦ 14 ਸਾਲਾਂ ਤਕ ਬ੍ਰਹਮ ਮਹਿੰਦਰਾ ਤੇ ਅਮਰਿੰਦਰ ਸਿੰਘ ਇੱਕ-ਦੂਜੇ ਤੋਂ ਦੂਰ ਰਹੇ।

ਬ੍ਰਹਮ ਮਹਿੰਦਰਾ ਨੇ 1980 ਵਿੱਚ ਭਾਰਤੀ ਜਨਤਾ ਪਾਰਟੀ ਦੇ ਸ਼ੰਭੂ ਪ੍ਰਸਾਦ ਨੂੰ ਹਰਾਇਆ ਸੀ, ਉਸ ਤੋਂ ਬਾਅਦ 1985 ਵਿੱਚ ਅਕਾਲੀ ਦਲ ਦੇ ਸਰਦਾਰਾ ਸਿੰਘ ਕੋਹਲੀ ਨੂੰ ਹਰਾਇਆ। ਇਸ ਮਗਰੋਂ ਪੰਜਾਬ ਵਿੱਚ ਖਾੜਕੂਵਾਦ ਕਾਰਨ ਗਵਰਨਰੀ ਰਾਜ ਰਿਹਾ ਅਤੇ 1992 ਵਿੱਚ ਖਾੜਕੂਵਾਦ ਦੌਰਾਨ ਬ੍ਰਹਮ ਮਹਿੰਦਰਾ ਨੂੰ ਕਾਂਗਰਸ ਨੇ ਟਿਕਟ ਦਿੱਤੀ ਸੀ, ਜਦ ਕਿ ਅਕਾਲੀ ਦਲ ਨੇ ਇਨ੍ਹਾਂ ਚੋਣਾਂ ਦਾ ਬਾਈਕਾਟ ਕਰ ਦਿੱਤਾ ਸੀ। ਓਦੋਂ ਬ੍ਰਹਮ ਮਹਿੰਦਰਾ ਨੇ ਆਜ਼ਾਦ ਉਮੀਦਵਾਰ ਕ੍ਰਿਸ਼ਨ ਕੁਮਾਰ ਨੂੰ ਹਰਾਇਆ ਸੀ। 1997 ਵਿੱਚ ਪੰਜਾਬ ਵਿੱਚ ਅਕਾਲੀ ਦਲ ਦੀ ਪੂਰੀ ਚੜ੍ਹਤ ਸੀ। ਇਸ ਵਾਰ ਕਾਂਗਰਸ ਵਿਰੁੱਧ ਲਹਿਰ ਹੋਣ ਕਰ ਕੇ ਬ੍ਰਹਮ ਮਹਿੰਦਰਾ ਅਕਾਲੀ ਦਲ ਦੇ ਸੁਰਜੀਤ ਸਿੰਘ ਕੋਹਲੀ ਤੋਂ ਹਾਰ ਗਏ ਸਨ।ਉਸ ਪਿੱਛੋਂ ਕਾਂਗਰਸ ਦੇ ਸੂਬਾ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਬਣ ਗਏ ਅਤੇ ਉਨ੍ਹਾਂ ਬ੍ਰਹਮ ਮਹਿੰਦਰਾ ਦੀ ਜੱਦੀ ਸੀਟ ਪਟਿਆਲਾ ਸ਼ਹਿਰੀ ਉੱਤੇ ਕਬਜ਼ਾ ਕਰ ਲਿਆ, ਜਿਸ ਮਗਰੋਂ ਬ੍ਰਹਮ ਮਹਿੰਦਰਾ ਅਤੇ ਕੈਪਟਨ ਅਮਰਿੰਦਰ ਸਿੰਘ ਵਿਚਾਲੇ ਮਾਹੌਲ ਅਣਸੁਖਾਵਾਂ ਹੋ ਗਿਆ। ਸਾਲ 2002 ਵਿੱਚ ਬ੍ਰਹਮ ਮਹਿੰਦਰਾ ਨੂੰ ਸਮਾਣਾ ਭੇਜ ਦਿੱਤਾ ਗਿਆ।

Steinmetz & Associates
PERSONAL INJURY LAWYERS



Harry Steinmetz
Certified as Specialist
by the Law Society of
Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

# ਸ਼੍ਰੋਮਣੀ ਕਮੇਟੀ ਪ੍ਰਧਾਨ ਵੱਲੋਂ ਭਾਜਪਾ ਵਿਚ ਜਾਣ ਵਾਲੇ ਸਿੱਖਾਂ ਪ੍ਰਤੀ 'ਗੁਰੂ ਨੂੰ ਬੇਦਾਵਾ' ਕਹਿਣ ਦਾ ਮਾਮਲਾ ਸ੍ਰੀ ਅਕਾਲ ਤਖ਼ਤ ਸਾਹਿਬ ਪੁੱਜਾ

### *ਧਾਮੀ ਨੂੰ ਸਮਾਜ 'ਚ ਨਫ਼ਰਤ ਫੈਲਾਉਣ ਵਾਲੀ ਗ਼ਲਤ ਬਿਆਨੀ ਰੋਕਣ ਦੀ ਕੀਤੀ ਗੁਜਾਰਿਸ਼



ਅੰਮ੍ਰਿਤਸਰ 25 ਜਨਵਰੀ (ਪੋਸਟ ਬਿਊਰੋ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਸ: ਹਰਜਿੰਦਰ ਸਿੰਘ ਧਾਮੀ ਵੱਲੋਂ ਭਾਜਪਾ ਵਿਚ ਜਾਣ ਵਾਲੇ ਸਿੱਖਾਂ 'ਤੇ 'ਗੁਰੂ ਸਾਹਿਬ ਨੂੰ ਬੇਦਾਵਾ' ਦੇਣ ਪ੍ਰਤੀ ਲਗਾਏ ਗਏ ਦੋਸ਼ਾਂ ਦਾ ਮਾਮਲਾ ਸ੍ਰੀ ਅਕਾਲ ਤਖ਼ਤ ਸਾਹਿਬ ਪੁੱਜ ਗਿਆ ਹੈ। ਹਾਲ ਹੀ 'ਚ ਭਾਜਪਾ 'ਚ ਸ਼ਾਮਿਲ ਹੋਏ ਪ੍ਰੋ: ਸਰਚਾਂਦ ਸਿੰਘ ਖਿਆਲਾ ਨੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਇਕ ਪੱਤਰ ਲਿਖਦਿਆਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵੱਲੋਂ ਕਹੀ ਗਈ 'ਬੇਦਾਵੇ' ਵਾਲੀ ਗਲ ਨੇ ਉਸ ਦੀਆਂ ਧਾਰਮਿਕ ਭਾਵਨਾਵਾਂ ਨੂੰ ਗਹਿਰੀ ਠੇਸ ਪਹੁੰਚਾਈ ਹੈ। ਉਨ੍ਹਾਂ ਜਥੇਦਾਰ ਸਾਹਿਬ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ: ਧਾਮੀ ਵੱਲੋਂ ਸਿੱਖ ਭਾਈਚਾਰਾ ਅਤੇ ਭਾਜਪਾ ਦਰਮਿਆਨ ਟਕਰਾਅ ਪੈਦਾ ਕਰਨ ਲਈ ਸਿੱਖ ਸੰਗਤਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਭੜਕਾਉਣ ਦੀ ਕੋਸਿਸ਼ ਦਾ ਨੋਟਿਸ ਲੈਣ ਅਤੇ ਭਾਜਪਾ ਵਿਚ ਜਾਣ ਵਾਲੇ ਸਿੱਖਾਂ ਬਾਰੇ ਗ਼ਲਤ ਬਿਆਨੀ ਕਰਨ ਤੋਂ ਰੋਕਣ ਦੀ ਅਪੀਲ ਕਰਦਿਆਂ ਕਿਹਾ ਕਿ ਕਿਸੇ ਵੀ ਸਿੱਖ ਦੇ ਭਾਜਪਾ ਵਿਚ ਸ਼ਾਮਿਲ ਹੋਣ ਨਾਲ ਕਿਸੇ ਤਰਾਂ ਦਾ ਸਿੱਖ ਰਹਿਤ ਮਰਯਾਦਾ ਖੰਡਿਤ ਨਹੀਂ ਹੋਇਆ, ਨਾ ਹੀ ਇਹ ਗੁਰੂ ਤੋਂ ਬੇਮੁਖ ਹੋ ਕੇ ਧਰਮ ਤਬਦੀਲੀ ਦਾ ਮਾਮਲਾ ਹੈ ਜਿਸ ਨੂੰ ਬੇਦਾਵਾ ਕਿਹਾ ਜਾ ਸਕੇ। ਉਨ੍ਹਾਂ ਕਿਹਾ ਕਿ ਭਾਰਤ ਦਾ ਸੰਵਿਧਾਨ ਹਰੇਕ ਨੂੰ ਆਪਣੀ ਸਵੈ ਇੱਛਾ ਮੁਤਾਬਿਕ ਰਾਜਨੀਤਿਕ ਪਾਰਟੀ ਚੁਣਨ ਦਾ ਅਧਿਕਾਰ ਦਿੰਦਾ ਹੈ।

ਪ੍ਰੋ: ਸਰਚਾਂਦ ਸਿੰਘ ਖਿਆਲਾ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਕੌਮੀ ਘਟ ਗਿਣਤੀ ਕਮਿਸ਼ਨ ਨੂੰ ਲਿਖੇ ਗਏ ਪੱਤਰਾਂ ਵਿਚ ਉਨ੍ਹਾਂ ਕਿਹਾ ਕਿ ਬੀਤੇ ਦਿਨੀਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਇਕ ਧਾਰਮਿਕ ਗੁਰਮਤਿ ਸਮਾਗਮ ਨੂੰ ਸੰਬੋਧਨ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ: ਧਾਮੀ ਨੇ ਭਾਈ ਮਹਾਂ ਸਿੰਘ ਜੀ ਵੱਲੋਂ ਖਦਰਾਣੇ ਦੀ ਢਾਬ ( ਸ੍ਰੀ ਮੁਕਤਸਰ ਸਾਹਿਬ ) ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਕੋਲੋਂ ਬੇਦਾਵਾ ਪੜਵਾਉਣ ਦੇ ਸੰਦਰਭ ਵਿਚ ਸਿੱਖ ਸੰਗਤਾਂ ਨੂੰ ਸੁਚੇਤ ਕਰਨ ਦੇ ਨਾਮ 'ਤੇ ਸਿੱਖ ਵਿਅਕਤੀਆਂ ਵੱਲੋਂ ਦਿਲੀ ਦੀ ਰਾਜ ਸਤਾ ਦੀ ਸ਼ਕਤੀ (ਭਾਰਤੀ ਜਨਤਾ ਪਾਰਟੀ) ਦੇ ਵਿਚ ਜਾਣ ਦੇ ਵੱਖ ਵੱਖ ਹਵਾਲਿਆਂ ਨਾਲ (ਵੀਡੀਓ ਸ਼੍ਰੋਮਣੀ ਕਮੇਟੀ ਦੀ ਅਧਿਕਾਰਤ ਫੇਸ ਬੁੱਕ ਪੇਜ 'ਤੇ ਮੌਜੂਦ ਹੈ) ਉਹ ਕਹਿ ਰਿਹਾ ਹੈ ਕਿ ਭਾਜਪਾ ਵਿਚ ਜੋ ਸਿੱਖ ਜਾ ਰਹੇ ਹਨ, ਉਹ ''ਗੁਰੂ ਸਾਹਿਬ ਨੂੰ ਬੇਦਾਵਾ'' ਦੇ ਰਹੇ ਹਨ। ਸਿੱਖ ਜੀਵਨ ਜਾਂਚ ਅਤੇ ਸ਼ਬਦ-ਕੋਸ਼ ਵਿਚ ਗੁਰੂ ਸਾਹਿਬ ਨੂੰ ਬੇਦਾਵਾ ਦੇਣ ਦੀ ਗਲ ਕਿਸੇ ਵੀ ਸਿੱਖ ਲਈ ਸਭ ਤੋਂ 'ਵੱਡੀ ਤੁਹਮਤ' ਹੈ। ਬੇਦਾਵਾ ਦੇਣ ਤੋਂ ਭਾਵ ਗੁਰੂ ਤੋਂ ਮੁਨਕਰ ਹੋਣਾ, ਬੇਮੁਖ ਹੋਣਾ ਅਤੇ ਨਿਗੁਰਾ ਹੋਣਾ ਹੈ। ਕੋਈ ਵੀ ਸਿੱਖ ਗੁਰੂ ਤੋਂ ਬੇਮੁਖ ਅਤੇ ਨਿਗੁਰਾ ਹੋਣ ਦਾ ਸੁਪਨੇ 'ਚ ਵੀ ਤਸੱਵਰ ਵੀ ਨਹੀਂ ਕਰ ਸਕਦਾ। ਦਾਸ ਇਕ ਅੰਮ੍ਰਿਤਧਾਰੀ ਗੁਰਸਿੱਖ ਹੈ ਅਤੇ ਬੀਤੇ ਦਿਨੀਂ ਰਾਜਸੀ ਪਾਰਟੀ ਭਾਜਪਾ ਵਿਚ ਸ਼ਾਮਿਲ ਹੋਇਆ ਹਾਂ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਪ੍ਰਧਾਨ ਵੱਲੋਂ ਉਕਤ ਮੌਕੇ ਇਕ ਪ੍ਰੈੱਸ ਕਾਨਫ਼ਰੰਸ ਦੌਰਾਨ ਭਾਜਪਾ ਵਿਚ ਸ਼ਾਮਿਲ ਹੋਣ ਦੇ ਸਿੱਖਾਂ ਦੇ ਰੁਝਾਨ ਨੂੰ ਗ਼ਲਤ ਕਰਾਰ ਦੇਣਾ ਉਸ ਦੇ ਵਿਚਾਰਾਂ ਨੂੰ ਹੋਰ ਪੁਖ਼ਤਾ ਕਰਦਾ ਹੈ। ਉਨ੍ਹਾਂ ਕਿਹਾ ਕਿ ਭਾਜਪਾ ਵਿਚ ਅਜਿਹੇ ਅਨੇਕਾਂ ਸਿੱਖ ਹਨ ਜਿਨ੍ਹਾਂ ਦੀ ਬੇਦਾਗ਼ ਸ਼ਖ਼ਸੀਅਤ ਅਤੇ ਕਾਰਗੁਜ਼ਾਰੀ ਨੇ ਸਿੱਖ ਭਾਈਚਾਰੇ ਦਾ ਨਾਮ ਰੌਸ਼ਨ ਕੀਤਾ ਹੈ। ਉਨ੍ਹਾਂ ਕਿਹਾ ਕਿ ਮੈ ਹੈਰਾਨ ਹਾਂ ਕਿ ਸ਼੍ਰੋਮਣੀ ਕਮੇਟੀ ਪ੍ਰਧਾਨ ਵੱਲੋਂ ਆਪਣੀ ਭਾਸ਼ਣ 'ਚ ਸ੍ਰੀ ਦਰਬਾਰ ਸਾਹਿਬ 'ਤੇ ਤੋਪਾਂ ਟੈਂਕਾਂ ਨਾਲ ਹਮਲਾ ਕਰਦਿਆਂ ਹਜ਼ਾਰਾਂ ਨਿਰਦੋਸ਼ ਸ਼ਰਧਾਲੂਆਂ ਨੂੰ ਸ਼ਹੀਦ ਕਰਨ ਅਤੇ ਨਵੰਬਰ '84 ਦੌਰਾਨ ਸਿੱਖਾਂ ਦੀ ਨਸਲਕੁਸ਼ੀ ਕਰਨ ਵਾਲੀ ਕਾਂਗਰਸ ਜਮਾਤ ਅਤੇ ਆਮ ਆਦਮੀ ਪਾਰਟੀ ਦੇ ਤਤਕਾਲੀ ਪੰਜਾਬ ਪ੍ਰਧਾਨ ਨੂੰ 'ਤੁਝੇ ਸਿੱਖੀ ਸੇ ਨਿਕਾਲ ਦੇਤਾ ਤੋ ਕਿਆ ਹੋ ਜਾਤਾ' ਕਹਿਣ ਵਾਲੇ ਅਰਵਿੰਦ ਕੇਜਰੀਵਾਲ ਜਾਂ ਇਨਾਂ ਪਾਰਟੀਆਂ ਵਿਚ ਬੈਠੇ ਲੋਕਾਂ ਖ਼ਿਲਾਫ਼ ਕਹਿਣ ਲਈ ਕੁਝ ਵੀ ਸੀ। ਕੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਕਾਂਗਰਸ ਅਤੇ ਆਪ ਸਿੱਖ ਹਿਤੈਸ਼ੀ ਲਗਦੇ ਹਨ? । ਕੀ ਸਿੱਖਾਂ ਦੀ ਮਿੰਨੀ ਪਾਰਲੀਮੈਂਟ ਦੇ ਪ੍ਰਧਾਨ ਲਈ ਕੇਵਲ ਉਹੀ ਗੁਰਸਿੱਖ ਜਾਂ ਪੰਥਕ ਹਨ ਜਿਨ੍ਹਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਦੁਰ ਵਰਤੋਂ ਕਰਦਿਆਂ ਰਾਮ ਰਹੀਮ ਨੂੰ ਬਿਨਾ ਮੰਗਿਆ ਮੁਆਫ਼ੀ ਦਿੱਤੀ ਅਤੇ ਆਪਣੇ ਕੂੜ ਨੂੰ ਸਹੀ ਸਿੱਧ ਕਰਨ ਲਈ ਗੁਰੂ ਕੇ ਖ਼ਜ਼ਾਨੇ ਵਿਚੋਂ 90 ਲੱਖ ਦੇ ਅਖ਼ਬਾਰੀ ਇਸ਼ਤਿਹਾਰ ਦਿੱਤੇ ਗਏ। ਬੇਦਾਵੇ ਵਾਲੀ ਗਲ ਤੋਂ ਇਲਾਵਾ ''ਭਾਜਪਾ 'ਤੇ ਪੰਜਾਬ 'ਤੇ ਕਬਜ਼ਾ ਕਰਨ ਦੀ ਨੀਯਤ ਰੱਖਣ ਜਾਂ ਦਿਲੀ ਨਾਲ ਜਦੋਂ ਵੀ ਖ਼ਾਲਸਾ ਲੜਿਆ'' ਆਦਿ ਕਹਿ ਕੇ ਭਾਜਪਾ ਨੂੰ ਸਿੱਖਾਂ ਦਾ ਵਿਰੋਧੀ ਠਹਿਰਾਉਣ ਦੀ ਗਲ ਬੇਬੁਨਿਆਦ ਹੀ ਨਹੀਂ ਸਗੋਂ ਰਾਜਨੀਤੀ ਤੋਂ ਪ੍ਰੇਰਿਤ ਹੈ ਅਤੇ ਕੀ ਇਹ ਸ਼੍ਰੋਮਣੀ ਕਮੇਟੀ ਪ੍ਰਧਾਨ ਵੱਲੋਂ ਸਿਆਸੀ ਆਕਾਵਾਂ ਦੀ ਖ਼ੁਸ਼ਾਮਦੀ ਲਈ ਸੰਗਤ ਨੂੰ ਗੁਮਰਾਹ ਕਰਨ ਦੀ ਸਾਜ਼ਸ਼ਿ ਦਾ ਹਿੱਸਾ ਨਹੀਂ? । ਉਨ੍ਹਾਂ ਕਿਹਾ ਕਿ ਭਾਜਪਾ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਿੱਖਾਂ ਲਈ ਅਨੇਕਾਂ ਕਾਰਜ ਕਰਦਿਆਂ ਸਿੱਖ ਹਿਤੈਸ਼ੀ ਅਤੇ ਦਿਲ 'ਚ ਸਤਿਕਾਰ ਹੋਣ ਦਾ ਸਬੂਤ ਦਿੱਤਾ ਹੈ। ਕਰਤਾਰਪੁਰ ਲਾਂਘਾ ਖੋਲ੍ਹਣ, ਸਿੱਖ ਕੈਦੀਆਂ ਦੀ ਰਿਹਾਈ, ਗੁਰਪੁਰਬ ਸ਼ਤਾਬਦੀਆਂ ਨੂੰ ਰਾਸ਼ਟਰੀ ਪੱਧਰ 'ਤੇ ਮਨਾਇਆ ਜਾਣਾ, ਕਾਲੀ ਸੂਚੀ ਖ਼ਤਮ ਕਰਨ, ਜੋਧਪੁਰੀਆਂ ਨੂੰ ਮੁਆਵਜ਼ਾ ਦੇਣ, ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਲਾਖ਼ਾਂ ਪਿੱਛੇ ਸੁੱਟਣ, ਅਤੇ ਛੋਟੇ ਸਾਹਿਬਜ਼ਾਦਿਆਂ ਦੀ ਯਾਦ 'ਚ ਵੀਰ ਬਾਲ ਦਿਵਸ ਅਤੇ ਸ੍ਰੀ ਗੁਰੂ ਰਾਮਦਾਸ ਜੀ ਲੰਗਰ 'ਤੇ ਜੀ ਐੱਸ ਟੀ ਖ਼ਤਮ ਕਰਨ ਵਰਗੇ ਹੋਰ ਅਨੇਕਾਂ ਕਾਰਜਾਂ ਲਈ ਸ਼੍ਰੋਮਣੀ ਕਮੇਟੀ ਅਤੇ ਅਕਾਲੀ ਹਾਈਕਮਾਨ ਸ੍ਰੀ ਮੋਦੀ ਦਾ ਕਈ ਵਾਰ ਧੰਨਵਾਦ ਕਰ ਚੁੱਕੇ ਹਨ। ਉਨ੍ਹਾਂ ਅਖੀਰ 'ਚ ਕਿਹਾ ਕਿ ਸ਼੍ਰੋਮਣੀ ਕਮੇਟੀ ਪ੍ਰਧਾਨ ਨੂੰ ਸਿੱਖ ਸੰਗਤਾਂ ਵਿਚ ਭਾਜਪਾ ਪ੍ਰਤੀ ਗੁਮਰਾਹਕੁਨ ਪ੍ਰਚਾਰ ਤੇ ਘਟੀਆ ਬਿਆਨਬਾਜ਼ੀ ਰਾਹੀਂ ਸਮਾਜ ਵਿਚ ਨਫ਼ਰਤ ਪੈਦਾ ਕਰਨ ਦੀ ਹੋਛੀ ਕੋਸ਼ਿਸ਼ ਪ੍ਰਤੀ ਖੇਦ ਜਤਾਉਣ ਅਤੇ ਅੱਗੇ ਤੋਂ ਗ਼ਲਤ ਬਿਆਨੀ ਨਾ ਕਰਨ ਦੀ ਹਦਾਇਤ ਕੀਤੀ ਜਾਣੀ ਚਾਹੀਦੀ ਹੈ।

# ਜਸਟਿਸ ਆਇਸ਼ਾ ਮਲਿਕ ਪਾਕਿ ਸੁਪਰੀਮ ਕੋਰਟ ਦੀ ਪਹਿਲੀ ਮਹਿਲਾ ਜੱਜ ਬਣੀ

ਇਸਲਾਮਾਬਾਦ, 25 ਜਨਵਰੀ (ਪੋਸਟ ਬਿਊਰੋ)- ਜਸਟਿਸ ਆਇਸ਼ਾ ਮਲਿਕ ਨੇ ਕੱਲ੍ਹ ਪਾਕਿਸਤਾਨ ਸੁਪਰੀਮ ਕੋਰਟ ਦੀ ਪਹਿਲੀ ਮਹਿਲਾ ਜੱਜ ਵਜੋਂ ਸਹੁੰ ਚੁੱਕ ਲਈ। ਪਾਕਿਸਤਾਨ ਵਰਗੇ ਮੁਸਲਿਮ ਬਹੁਗਿਣਤੀ ਤੇ ਤੰਗ ਪਹੁੰਚ ਵਾਲੇ ਮੁਲਕ ਦੇ ਇਤਿਹਾਸ ਵਿੱਚ ਇਹ ਇੱਕ ਯਾਦਗਾਰੀ ਘਟਨਾ ਹੋ ਨਿਬੜੀ ਹੈ।

ਚੀਫ ਜਸਟਿਸ ਗੁਲਜ਼ਾਰ ਅਹਿਮਦ ਨੇ 55 ਸਾਲਾ ਆਇਸ਼ਾ ਮਲਿਕ ਨੂੰ ਸੁਪਰੀਮ ਕੋਰਟ ਵਿੱਚ ਹੋਏ ਸਮਾਰੋਹ ਵਿੱਚ ਸਹੁੰ ਚੁਕਾਈ। ਇਸ ਮੌਕੇ ਸੁਪਰੀਮ ਕੋਰਟ ਦੇ ਕਈ ਜੱਜ, ਵਕੀਲ, ਅਟਾਰਨੀ ਜਨਰਲ, ਕਾਨੂੰਨ ਅਤੇ ਨਿਆਂ ਕਮਿਸ਼ਨਾਂ ਦੇ ਅਧਿਕਾਰੀ ਵੀ ਹਾਜ਼ਰ ਸਨ। ਮੀਡੀਆ ਨਾਲ ਗੱਲਬਾਤ ਕਰਦਿਆਂ ਚੀਫ ਜਸਟਿਸ ਅਹਿਮਦ ਨੇ ਕਿਹਾ ਕਿ ਜਸਟਿਸ ਮਲਿਕ ਸੁਪਰੀਮ ਕੋਰਟਦੀ ਜੱਜ ਬਣਨ ਲਈ ਪੂਰੀ ਸਮਰੱਥ ਸੀ ਅਤੇ ਉਹ ਆਪਣੇ ਦਮ ਉੱਤੇ ਇਸ ਅਹੁਦੇ ਤਕ ਪਹੁੰਚੀ ਹੈ, ਕਿਸੇ ਹੋਰ ਨੂੰ ਇਸ ਦਾ ਸਿਹਰਾ ਨਹੀਂ ਦਿੱਤਾ ਜਾ ਸਕਦਾ। ਸੂਚਨਾ ਮੰਤਰੀ ਫਵਾਦ ਚੌਧਰੀ ਨੇ ਜਸਟਿਸ



ਆਇਸ਼ਾ ਨੂੰ ਮੁਬਾਰਕਬਾਦ ਦਿੱਤੀ ਅਤੇ ਕਿਹਾ ਕਿ ਇਹ ਪਾਕਿਸਤਾਨ ਵਿੱਚ ਮਹਿਲਾ ਸ਼ਕਤੀਕਰਨ ਦੀ ਤਾਕਤਵਰ ਤਸਵੀਰ ਹੈ। ਫਵਾਦ ਨੇ ਟਵੀਟ ਕਰਦਿਆਂ ਸਹੁੰ ਚੁੱਕ ਸਮਾਗਮ ਦੀ ਫੋਟੋ ਵੀ ਪੋਸਟ ਕੀਤੀ ਸੀ।

ਵਰਨਣ ਯੋਗ ਹੈ ਕਿ ਜਸਟਿਸ ਆਇਸ਼ਾ ਮਲਿਕ ਨੂੰ ਜਦ ਚੁਣਿਆ ਗਿਆ ਤਾਂ ਕਈ ਸਵਾਲ ਵੀ ਉਠੇ ਸਨ ਕਿਉਂਕਿ ਲਾਹੌਰ ਹਾਈ ਕੋਰਟ ਦੇ ਜੱਜਾਂ ਦੀ ਸੀਨੀਆਰਤਾ ਸੂਚੀ ਵਿੱਚ ਉਹ ਚੌਥੇ ਨੰਬਰ ਉਤੇ ਸੀ। ਉਨ੍ਹਾਂ ਦੀ ਨਾਮਜ਼ਦਗੀ ਪਿਛਲੇ ਸਾਲ ਪਾਕਿਸਤਾਨ ਦੇ ਜੁਡੀਸ਼ਲ ਕਮਿਸ਼ਨ ਨੇ ਰੱਦ ਕਰ ਦਿੱਤੀ ਸੀ, ਪਰ ਇਸੇ ਮਹੀਨੇ ਕਮਿਸ਼ਨ ਨੇ ਚਾਰ ਦੇ ਮੁਕਾਬਲੇ ਪੰਜ ਵੋਟਾਂ ਦੇ ਮਾਮੂਲੀ ਫਰਕ ਨਾਲ ਉਨ੍ਹਾਂ ਦੀ ਨਾਮਜ਼ਦਗੀ ਮਨਜ਼ੂਰ ਹੋ ਗਈ। ਜਸਟਿਸ ਆਇਸ਼ਾ ਮਲਿਕ ਮਾਰਚ 2012 ਵਿੱਚ ਲਾਹੌਰ ਹਾਈ ਕੋਰਟ ਦੀ ਜੱਜ ਬਣੀ ਸੀ। ਉਹ ਆਪਣੀ ਸੇਵਾਮੁਕਤੀ ਜੂਨ 2031 ਤਕ ਸੁਪਰੀਮ ਕੋਰਟ ਵਿੱਚ ਸੇਵਾਵਾਂ ਦੇਣਗੇ। ਭਵਿੱਖਵਿੱਚ ਉਹ ਸਭ ਤੋਂ ਸੀਨੀਅਰ ਜੱਜ ਵੀ ਬਣ ਸਕਦੇ ਹਨ ਤੇ ਜਨਵਰੀ 2030 ਤਕ ਪਾਕਿਸਤਾਨ ਦੀ ਚੀਫ ਜਸਟਿਸ ਵੀ ਬਣ ਸਕਦੇ ਹਨ। ਪਾਕਿਸਤਾਨ ਵਿੱਚ ਚੀਫ ਜਸਟਿਸ ਬਣਨ ਵਾਲੀ ਉਹ ਪਹਿਲੀ ਔਰਤ ਹੋਣਗੇ।

ਸਾਲ 1966 ਵਿੱਚ ਜਨਮੀ ਆਇਸ਼ਾ ਮਲਿਕ ਨੇ ਆਪਣੀ ਮੁੱਢਲੀ ਸਿੱਖਿਆ ਪੈਰਿਸ, ਨਿਊ ਯਾਰਕ ਅਤੇ ਕਰਾਚੀ ਦੇ ਸਕੂਲਾਂ ਤੋਂ ਹਾਸਲ ਕੀਤੀ ਹੈ। ਉਨ੍ਹਾਂ ਪਾਕਿਸਤਾਨ ਕਾਲਜ ਆਫ ਲਾਅ ਤੋਂ ਐਲ ਐਲ ਬੀ, ਹਾਰਡਵਰਡ ਲਾਅ ਸਕੂਲ ਤੋਂ ਐਲ ਐਲ ਐਮ ਕੀਤੀ ਹੈ। ਜੂਨ 2021 ਵਿੱਚ ਉਨ੍ਹਾਂ ਇੱਕ ਮਿਸਾਲੀ ਫੈਸਲਾ ਸੁਣਾਇਆ ਸੀ ਜਿਸ ਵਿੱਚ ਉਨ੍ਹਾਂ ਜਿਨਸੀ ਹਮਲੇ ਦੇ ਪੀੜਤਾਂ ਦੇ ਕੁਆਰੇਪਨ ਦੇ ਟੈਸਟ ਨੂੰ ਗੈਰਕਾਨੂੰਨੀ ਤੇ ਪਾਕਿਸਤਾਨ ਦੇ ਸੰਵਿਧਾਨ ਦੇ ਖਿਲਾਫ ਕਰਾਰ ਦਿੱਤਾ ਸੀ।

# ਯੂ ਏ ਈ ਨੇ ਹਮਲੇ ਵਾਲੀਆਂ ਮਿਜ਼ਾਈਲਾਂ ਰਾਹ ਵਿੱਚ ਤਬਾਹ ਕੀਤੀਆਂ

ਦੁਬਈ, 25 ਜਨਵਰੀ (ਪੋਸਟ ਬਿਊਰੋ)- ਸੰਯੁਕਤ ਅਰਬ ਅਮੀਰਾਤ (ਯੂ ਏ ਈ) ਨੇ ਕੱਲ੍ਹ ਰਾਜਧਾਨੀ ਆਬੂਧਾਬੀ ਵੱਲ ਛੱਡੀਆਂ ਗਈਆਂ ਹਾਊਤੀ ਬਾਗੀਆਂ ਦੀਆਂ ਦੋ ਬੈਲਿਸਟਿਕ ਮਿਜ਼ਾਈਲਾਂ ਦਾ ਪਤਾ ਲਾ ਕੇ ਨਸ਼ਟ ਕਰ ਦਿੱਤਾ।

ਯੂ ਏ ਈ ਦੇ ਰੱਖਿਆ ਮੰਤਰਾਲੇ ਨੇ ਦੱਸਿਆ ਕਿ ਇਸ ਹਮਲੇ ਵਿੱਚ ਕੋਈ ਮੌਤ ਨਹੀਂ ਹੋਈ। ਮਿਜ਼ਾਈਲਾਂ ਦਾ ਮਲਬਾ ਆਬੂਧਾਬੀ ਦੇ ਵੱਖ-ਵੱਖ ਇਲਾਕਿਆਂ ਵਿੱਚ ਡਿੱਗਾ। ਮੰਤਰਾਲੇ ਨੇ ਟਵੀਟ ਕੀਤਾ ਕਿ ਹਵਾਈ ਸੁਰੱਖਿਆ ਪ੍ਰਣਾਲੀ ਨੇ ਹਾਊਤੀ ਬਾਗੀਆਂ ਵੱਲੋਂ ਦੇਸ਼ ਵੱਲ ਦਾਗੀਆਂ ਗਈਆਂ ਦੋ ਬੈਲਿਸਟਿਕ ਮਿਜ਼ਾਈਲਾਂ ਦਾ ਪਤਾ ਲਾ ਕੇ ਮਾਰ ਦਿਤਾ ਹੈ। ਇਸ ਬਾਰੇ ਮੰਤਰਾਲੇ ਨੇ ਕਿਹਾ ਕਿ ਯੂ ਏ ਈ ਕਿਸੇ ਵੀ ਤਰ੍ਹਾਂ ਦੇ ਖਤਰੇ ਨਾਲ ਨਜਿੱਠਣ ਲਈ ਤਿਆਰ ਹੈ ਅਤੇ ਇਸ ਲਈ ਸਾਰੇ ਜ਼ਰੂਰੀ ਕਦਮ ਚੁੱਕੇ ਗਏ ਹਨ। ਯੂ ਏ ਈ ਨੇ ਯਮਨ ਦੇ ਹਾਊਤੀ ਬਾਗੀਆਂ ਨੂੰ ਹਮਲੇ ਲਈ ਜ਼ਿੰਮੇਵਾਰ ਠਹਿਰਾਉਂਦੇ ਹੋਏ ਕਿਹਾ ਕਿ ਨਿਸ਼ਾਨਾ ਬਣਾ ਕੇ ਕੀਤੇ ਇਸ ਹਮਲੇ ਲਈ ਉਨ੍ਹਾਂ ਨੂੰ ਬਖਸ਼ਿਆ ਨਹੀਂ ਜਾਵੇਗਾ। ਯੂ ਏ ਈ ਨੇ ਯਮਨ ਜੰਗ ਵਿੱਚ ਸ਼ਾਮਲ ਆਪਣੇ ਲਗਭਗ ਸਾਰੇ ਫੌਜੀਆਂ ਨੂੰ ਜੁਲਾਈ 2019 ਵਿੱਚ ਵਾਪਸ ਬੁਲਾ ਲਿਆ ਸੀ, ਕਿਉਂਕਿ ਉਹ ਖੁਦ ਨੂੰ ਹਮੇਸ਼ਾਂ ਤੋਂ ਸੈਰ ਸਪਾਟੇ



ਤੇ ਕਾਰੋਬਾਰੀ ਦੇਸ਼ ਦੇ ਰੂਪ ਵਿੱਚ ਪੇਸ਼ ਕਰਦਾ ਰਿਹਾ ਹੈ, ਪਰ ਪਿੱਛੇ ਜਿਹੇ ਯੂ ਏ ਈ ਦੀ ਹਵਾਈ ਫੌਜ ਨੇ ਹਾਊਤੀ ਬਾਗੀਆਂ ਦੇ ਕਬਜ਼ੇ ਵਾਲੇ ਖੇਤਰਾਂ ਉੱਤੇ ਮੁੜ ਤੋਂ ਹਮਲੇ ਸ਼ੁਰੂ ਕਰ ਦਿੱਤੇ। ਮਾਹਰਾਂ ਦਾ ਮੰਨਣਾ ਹੈ ਕਿ ਹਾਊਤੀ ਬਾਗੀ ਆਬੂਧਾਬੀ ਉੱਤੇ ਜਵਾਬੀ ਹਮਲੇ ਕਰ ਰਹੇ ਹਨ। 17 ਜਨਵਰੀ ਨੂੰ ਆਬੂਧਾਬੀ ਉੱਤੇ ਹੋਏ ਹਾਊਤੀ ਹਮਲੇ ਦੇ ਅਗਲੇ ਦਿਨ ਸਾਊਦੀ ਅਰਬ ਦੀ ਅਗਵਾਈ ਵਾਲੀ ਗੱਠਜੋੜ ਫੌਜ ਨੇ ਯਮਨ ਦੇ ਹੂਦੈਦਾਰ ਸ਼ਹਿਰ ਵਿੱਚ ਹਵਾਈ ਹਮਲੇ ਕੀਤੇ ਸਨ, ਜਿਨ੍ਹਾਂ ਵਿੱਚ 20 ਲੋਕ ਮਾਰੇ ਗਏ ਸਨ।ਹਾਊਤੀ ਬਾਗੀਆਂ ਨੇ 17 ਜਨਵਰੀ ਨੂੰ ਆਬੂਧਾਬੀ ਦੇ ਮੁਸਾਫਫਾ ਆਈ ਸੀ ਏ ਡੀ-3 ਖੇਤਰ ਤੇ ਕੌਮਾਂਤਰੀ ਹਵਾਈ ਅੱਡੇ ਦੇ ਨਿਰਮਾਣ ਖੇਤਰ ਉੱਤੇ ਡਰੋਨ ਹਮਲੇ ਕੀਤੇ ਸਨ। ਤਿੰਨ ਪੈਟਰੋਲੀਅਮ ਟੈਂਕਰਾਂ ਵਿੱਚ ਹੋਏ ਧਮਾਕੇ ਵਿੱਚ ਦੋ ਭਾਰਤੀ ਤੇ ਇੱਕ ਪਾਕਿਸਤਾਨੀ ਨਾਗਰਿਕ ਦੀ ਮੌਤ ਹੋ ਗਈ ਸੀ, ਜਦੋਂ ਕਿ ਛੇ ਜ਼ਖਮੀ ਹੋ ਗਏ ਸਨ। ਯੂ ਐੱਨ ਸਕਿਓਰਟੀ ਕੌਂਸਲ ਨੇ ਆਬੂਧਾਬੀ ਵਿੱਚ ਹੋਏ ਹਮਲੇ ਦੀ ਸਖਤ ਨਿੰਦਾ ਕੀਤੀ ਸੀ।

# ਤਾਲਿਬਾਨੀ ਲੜਾਕੇ ਵਿਰੋਧੀ ਸੁਰ ਵਾਲੀਆਂ ਔਰਤਾਂ ਘਰੋਂ ਚੁੱਕ ਲੈਂਦੇ ਨੇ

ਕਾਬੁਲ, 25 ਜਨਵਰੀ (ਪੋਸਟ ਬਿਊਰੋ)- ਤਾਲਿਬਾਨ ਰਾਜ ਦੇ ਖ਼ਿਲਾਫ਼ ਵਿਰੋਧੀ ਸੁਰ ਚੁੱਕਣ ਵਾਲੀਆਂ ਔਰਤਾਂ ਨੂੰ ਚੁੱਪ-ਚਪੀਤੇ ਰਾਤ ਨੂੰ ਉਨ੍ਹਾਂ ਦੇ ਘਰੋਂ ਚੁੱਕ ਲਿਆ ਜਾਂਦਾ ਹੈ। ਇਸ ਦੇ ਬਾਵਜੂਦ ਔਰਤਾਂ ਆਪਣੇ ਅਧਿਕਾਰਾਂ ਲਈ ਡੱਟ ਕੇ ਲੜ ਰਹੀਆਂ ਹਨ।ਇੱਕ ਅਜਿਹੀ ਔਰਤ ਤਮੰਨਾ ਜਰਯਾਬੀ ਪਰਯਾਨੀ ਨੇ ਪਿਛਲੇ ਹਫ਼ਤੇ ਦਰਜਨਾਂ ਔਰਤਾਂ ਨਾਲ ਸਿੱਖਿਆ ਦੇ ਅਧਿਕਾਰ ਲਈ ਤਾਲਿਬਾਨ ਦੇ ਖ਼ਿਲਾਫ਼ ਪ੍ਰਦਰਸ਼ਨ ਕੀਤਾ ਸੀ। ਤਾਲਿਬਾਨ ਲੜਾਕਿਆਂ ਨੇ ਉਨ੍ਹਾਂ ਨੂੰਤਿੱਤਰ-ਬਿੱਤਰ ਕਰਨ ਲਈ ਉਨ੍ਹਾਂ ਉੱਤੇ ਮਿਰਚੀ ਪਾਊਡਰ ਛਿੜਕਿਆ ਅਤੇ ਕੁਝ ਨੂੰ ਬਿਜਲੀ ਦੇ ਝਟਕੇ ਵੀ ਦਿੱਤੇ।

ਬੀ ਬੀ ਸੀ ਦੀ ਰਿਪੋਰਟ ਮੁਤਾਬਕ ਤਮੰਨਾ ਕਾਬੁਲ ਦੇ ਪਰਵਾਨ-2 ਇਲਾਕੇ ਦੇ ਇੱਕ ਫਲੈਟ ਵਿੱਚ ਰਹਿੰਦੀ ਹੈ। ਰਾਤ ਨੂੰ ਹਥਿਆਰਬੰਦ ਲੜਕੇ ਉਨ੍ਹਾਂ ਦੇ ਘਰ ਪਹੁੰਚੇ ਤੇ ਦਰਵਾਜ਼ਾਂ ਭੰਨਣਾ ਸ਼ੁਰੂ ਕਰ ਦਿੱਤਾ। ਉਹ ਘਰ ਵਿੱਚ ਆਪਣੀਆਂ ਭੈਣਾਂ ਨਾਲ ਸੀ ਤੇ ਸੋਸ਼ਲ ਮੀਡੀਆ ਉੱਤੇ ਲਾਈਵ ਹੋਈ ਕਿ ਸਾਡੀ ਮਦਦ ਕਰੋ, ਤਾਲਿਬਾਨੀ ਲੜਾਕੇ ਆ ਗਏ ਹਨ। ਉਨ੍ਹਾਂ ਦੇ ਆਂਢ-ਗੁਆਂਢ ਵਿੱਚ ਕਿਸੇ ਨੂੰ ਨਹੀਂ ਪਤਾ ਕਿ ਤਮੰਨਾ ਜਰਯਾਬੀ ਕਿਥੇ ਹੈ। ਉਨ੍ਹਾਂ ਦੇ ਗੁਆਂਢੀਆਂ ਨੇ ਦੱਸਿਆ ਕਿ ਤਮੰਨਾ ਅਤੇ ਉਸਦੀਆਂ ਦੋ ਭੈਣਾਂ ਨੂੰ ਤਾਲਿਬਾਨੀ ਲੈ ਗਏ ਸਨ ਅਤੇ ਉਸ ਤੋਂ ਬਾਅਦ ਉਨ੍ਹਾਂ ਨੂੰ ਕਿਸੇ ਨੇ ਨਹੀਂ ਦੇਖਿਆ। ਗੁਆਂਢੀ ਤਾਲਿਬਾਨ ਸ਼ਬਦ ਬੋਲਣ ਤੋਂ ਵੀ ਡਰਦੇ ਹਨ, ਉਹ ਉਨ੍ਹਾਂ ਨੂੰ ਹਥਿਆਰਬੰਦ ਲੋਕਾਂ ਦਾ ਗਰੁੱਪ ਕਹਿੰਦੇ ਹਨ। ਇਸ ਪ੍ਰਦਰਸ਼ਨ ਵਿੱਚ ਸ਼ਾਮਲ ਕਈ ਹੋਰ ਔਰਤਾਂ ਲਾਪਤਾ ਹਨ। ਪਰਵਾਨਾ ਇਬ੍ਰਾਹਿਮਖੇਲ ਦਾ ਵੀ ਕਿਸੇ ਨੂੰ ਪਤਾ ਨਹੀਂ ਹੈ ਉਹ ਕਿੱਥੇ ਹੈ।ਓਧਰ, ਤਾਲਿਬਾਨੀ ਬੁਲਾਰੇ ਸੁਹੈਲ ਸ਼ਾਹੀਨ ਦਾ ਕਹਿਣਾ ਹੈ ਕਿ ਜੇ ਇਨ੍ਹਾਂ ਔਰਤਾਂ ਨੂੰ ਤਾਲਿਬਾਨ ਨੇ ਹਿਰਾਸਤ ਵਿੱਚ ਲਿਆ ਹੈ ਤਾਂ ਉਨ੍ਹਾਂ ਨੂੰ ਅਦਾਲਤ ਵਿੱਚ ਲਿਜਾਇਆ ਜਾਏਗਾ।

## ਨਫਰਤ ਦੇ ਭਾਸ਼ਣਾਂ ਵਿਰੁੱਧ ਦੋ ਹਿੰਦੂ ਸੰਗਠਨ ਵੀ ਸੁਪਰੀਮ ਕੋਰਟ ਪੁੱਜੇ

ਨਵੀਂ ਦਿੱਲੀ, 25 ਜਨਵਰੀ (ਪੋਸਟ ਬਿਊਰੋ)- ਨਫਰਤ ਫੈਲਾਉਣ ਵਾਲੇ ਭਾਸ਼ਣਾਂ ਦੇ ਮਾਮਲੇ ਵਿੱਚ ਦੋ ਹਿੰਦੂ ਸੰਗਠਨ ਨੇ ਵੀ ਸੁਪਰੀਮ ਕੋਰਟ ਤੱਕ ਪਹੁੰਚ ਕੀਤੀ ਹੈ। ਇਨ੍ਹਾਂ ਹਿੰਦੂ ਸੰਗਠਨਾਂ ਨੇ ਦਖਲ ਦੇਣ ਵਾਲੀ ਅਰਜ਼ੀ ਦਾਖਲ ਕਰ ਕੇ ਇਸ ਕੇਸ ਵਿੱਚ ਉਨ੍ਹਾਂ ਨੂੰ ਪੱਖ ਰੱਖਣ ਦੀ ਇਜਾਜ਼ਤ ਦਿੱਤੇ ਜਾਣ ਦੀ ਮੰਗ ਗਈ ਹੈ।

ਮਿਲੀ ਜਾਣਕਾਰੀ ਅਨੁਸਾਰ ਇਸ ਅਰਜ਼ੀ ਵਿੱਚ ਹਿੰਦੂਆਂ ਤੇ ਉਨ੍ਹਾਂ ਦੇ ਦੇਵੀ-ਦੇਵਤਿਆਂ ਖਿਲਾਫ ਨਫਰਤ ਫੈਲਾਉਣ ਵਾਲੇ ਭਾਸ਼ਣਾਂ ਦੀ ਐਸ ਆਈ ਟੀ (ਵਿਸ਼ੇਸ਼ ਜਾਂਚ ਟੀਮ) ਤੋਂ ਜਾਂਚ ਕਰਾਉਣ ਦੀ ਮੰਗ ਕੀਤੀ ਗਈ ਹੈ। ਇੱਕ ਅਰਜ਼ੀ ਹਿੰਦੂ ਫਰੰਟ ਫਾਰ ਜਸਟਿਸ ਅਤੇ ਦੂਸਰੀ ਹਿੰਦੂ ਸੈਨਾ ਨੇ ਦਾਖਲ ਕੀਤੀ ਹੈ।ਹਿੰਦੂ ਫਰੰਟ ਫਾਰ ਜਸਟਿਸ ਨੇ ਇਸ ਅਰਜ਼ੀ ਵਿੱਚ ਮੁਸਲਿਮ ਨੇਤਾਵਾਂ ਵੱਲੋਂ ਦਿੱਤੇ ਨਫਰਤ ਭਰੇ ਭਾਸ਼ਣਾਂ ਦੇ ਲਿੰਕ ਨਾਲ ਦਿੱਤੇ ਹਨ। ਹਿੰਦੂ ਸੈਨਾ ਦੇ ਰਾਸ਼ਟਰੀ ਪ੍ਰਧਾਨ ਵਿਸ਼ਨੂ ਗੁਪਤਾ ਨੇ ਅਰਜ਼ੀ ਵਿੱਚ ਨਫਰਤ ਫੈਲਾਉਣ ਵਾਲੇ ਭਾਸ਼ਣ ਦੇਣ ਉੱਤੇ ਮੁਸਲਿਮ ਨੇਤਾ ਅਸਦੁਦੀਨ ਓਵੈਸੀ, ਤੌਕੀਰ ਰਜ਼ਾ, ਸਾਜ਼ਿਦ ਰਸ਼ੀਦੀ, ਅਮਾਨਤੁੱਲਾ ਖਾਨ ਅਤੇ ਵਾਰਿਸ ਪਠਾਨ ਦੇ ਖਿਲਾਫ ਕੇਸ ਦਰਜ ਕਰ ਕੇ ਕਾਰਵਾਈ ਕੀਤੇ ਜਾਣ ਦੀ ਮੰਗ ਕੀਤੀ ਹੈ।ਸੁਪਰੀਮ ਕੋਰਟ ਵਿੱਚ ਇਸ ਤੋਂ ਪਹਿਲਾਂ ਹੀ ਨਫਰਤ ਫੈਲਾਉਣ ਵਾਲੇ ਭਾਸ਼ਣਾਂ ਦਾ ਕੇਸ ਚੱਲ ਰਿਹਾਹੈ। ਕੋਰਟ ਨੇ ਪੱਤਰਕਾਰ ਕੁਰਬਾਨ ਅਲੀ ਅਤੇ ਪਟਨਾ ਹਾਈ ਕੋਰਟ ਦੀ ਸੇਵਾਮੁਕਤ ਜੱਜ ਅਤੇ ਸੀਨੀਅਰ ਵਕੀਲ ਅੰਜਨਾ ਪ੍ਰਕਾਸ਼ ਦੀ ਅਰਜ਼ੀ ਉੱਤੇ ਬੀਤੀ 12 ਜਨਵਰੀ ਨੂੰ ਕੇਂਦਰ ਸਰਕਾਰ, ਦਿੱਲੀ ਪੁਲਸ ਤੇ ਉਤਰਾਖੰਡ ਪੁਲਸ ਨੂੰ ਨੋਟਿਸ ਜਾਰੀ ਕੀਤਾ ਸੀ। ਉਸ ਅਰਜ਼ੀ ਵਿੱਚ ਹਰਿਦੁਆਰ ਅਤੇ ਦਿੱਲੀ ਦੀ ਧਰਮ ਸੰਸਦ ਵਿੱਚ ਨਫਰਤ ਫੈਲਾਉਣ ਵਾਲੇ ਭਾਸ਼ਣਾਂ ਦਾ ਹਵਾਲਾ ਦੇ ਕੇਇਸ ਕੇਸ ਦੀ ਜਾਂਚ ਐਸ ਆਈ ਟੀ ਤੋਂ ਕਰਾਉਣ ਦੀ ਮੰਗ ਕੀਤੀ ਗਈ ਹੈ। ਹਿੰਦੂ ਸੰਗਠਨਾਂ ਨੇ ਅਰਜ਼ੀ ਇਸੇ ਵਿਚਾਰ ਅਧੀਨ ਕੇਸ ਵਿੱਚ ਦਾਖਲ ਕੀਤੀ ਹੈ। ਵਕੀਲ ਵਿਸ਼ਣੂ ਸ਼ੰਕਰ ਜੈਨ ਦੇ ਰਾਹੀਂ ਹਿੰਦੂ ਫਰੰਟ ਫਾਰ ਜਸਟਿਸ ਨੇ ਪ੍ਰਧਾਨ ਰੰਜਨਾ ਅਗਨੀਹੋਤਰੀ ਵੱਲੋਂ ਅਰਜ਼ੀ ਦਾਖਲ ਕੀਤੀ ਹੈ। ਸੰਗਠਨ ਨੇ ਅਰਜ਼ੀ ਵਿੱਚ ਮੰਗ ਕੀਤੀ ਹੈ ਕਿ ਸੰਵਿਧਾਨ ਦੀ ਭਾਵਨਾ ਅਤੇ ਦੇਸ਼ ਦੀ ਅਖੰਡਤਾ ਖਿਲਾਫ ਨਫਰਤੀ ਭਾਸ਼ਣ ਦੇਣ ਦੀਆਂ ਘਟਨਾਵਾਂ ਦੀ ਜਾਂਚ ਕਰਾਈ ਜਾਏ ਅਤੇ ਹਿੰਦੂਆਂ ਅਤੇ ਹਿੰਦੂ ਦੇਵੀ-ਦੇਵਤਿਆਂ ਦੇ ਖਿਲਾਫ ਨਫਰਤ ਭਰੇ ਭਾਸ਼ਣਾਂ ਦੀ ਐਸ ਆਈ ਟੀ ਤੋਂ ਜਾਂਚ ਕਰਾਈ ਜਾਏ ਅਤੇ ਕੋਰਟ ਮੁਸਲਿਮ ਫਿਰਕੇ ਦੇ ਨੇਤਾਵਾਂ ਨੂੰ ਹਿੰਦੂਆਂ ਖਿਲਾਫ ਨਫਰਤ ਅਤੇ ਹਿੰਸਾ ਫੈਲਾਉਣ ਤੋਂ ਰੋਕਣ ਲਈ ਲੋੜੀਂਦੇ ਹੁਕਮ ਜਾਰੀ ਕਰੇ।


### ਰਾਮ ਮੰਦਰ ਦੇ ਮੁੱਖ ਪੁਜਾਰੀ ਨੇ ਕਿਹਾ

# ਚੰਗਾ ਹੋਇਐ ਕਿ ਆਦਿਤਿਆਨਾਥ ਅਯੁੱਧਿਆ ਤੋਂ ਚੋਣ ਨਹੀਂ ਲੜ ਰਹੇ

*** ਅਯੁੱਧਿਆ ਵਿੱਚ ਲੋਕਾਂ ਵੱਲੋਂ ਮੁੱਖ ਮੰਤਰੀ ਯੋਗੀ ਦੇ ਵਿਰੋਧ ਦੀ ਸੰਭਾਵਨਾ**

ਅਯੁੱਧਿਆ (ਯੂ ਪੀ), 25 ਜਨਵਰੀ (ਪੋਸਟ ਬਿਊਰੋ)- ਰਾਮ ਮੰਦਰ ਦੇ ਮੁੱਖ ਪੁਜਾਰੀ ਆਚਾਰੀਆ ਸਤੇਂਦਰ ਦਾਸ ਨੇ ਕਿਹਾ ਹੈ ਕਿ ਇਹ ਚੰਗਾ ਹੀ ਹੋਇਆ ਹੈ ਕਿ ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਇਸ ਵਾਰ ਅਯੁੱਧਧਿਆ ਤੋਂ ਚੋਣ ਨਹੀਂ ਲੜ ਰਹੇ, ਕਿਉਂਕਿ ਇੱਥੇ ਉਨ੍ਹਾਂ ਦਾ ਕਾਫੀ ਵਿਰੋਧ ਹੋਣਾ ਸੀ।

ਇਹ ਪੁੱਛਣ ਉੱਤੇ ਕਿ ਉਨ੍ਹਾਂ ਇਹ ਸੁਝਾਅ ਕਿਉਂ ਦਿੱਤਾ ਕਿ ਆਦਿਤਿਆਨਾਥ ਨੂੰ ਅਯੁੱਧਿਆ ਤੋਂ ਚੋਣ ਨਹੀਂ ਲੜਨੀ ਚਾਹੀਦੀ, ਮੁੱਖ ਪੁਜਾਰੀ ਆਚਾਰੀਆ ਸਤੇਂਦਰ ਦਾਸ ਨੇਕਿਹਾ ਕਿ ਉਨ੍ਹਾਂ 'ਇਹ ਸੁਝਾਅ ਰਾਮ ਲੱਲਾ' (ਭਗਵਾਨ ਰਾਮ) ਤੋਂ ਸੁਆਲ ਪੁੱਛਣ ਮਗਰੋਂ ਦਿੱਤਾ ਸੀ। ਉਨ੍ਹਾਂ ਕਿਹਾ ਕਿ ਉਨ੍ਹਾਂ ਸੁਝਾਅ ਦਿੱਤਾ ਸੀ ਕਿ ਆਦਿਤਿਆਨਾਥ ਨੂੰ ਗੋਰਖਪੁਰ ਤੋਂ ਚੋਣ ਲੜਨੀ ਚਾਹੀਦੀ ਹੈ, ਕਿਉਂਕਿ ਇੱਥੇ ਮੰਦਰ ਦੀ ਉਸਾਰੀ ਕਰਨ ਲਈਜਿਨ੍ਹਾਂ ਲੋਕਾਂ ਦੇ



ਘਰ ਅਤੇ ਦੁਕਾਨਾਂ ਢਾਹੇ ਗਏ ਸਨ, ਉਹ ਯੋਗੀ ਆਦਿਤਿਆਨਾਥ ਦਾ ਵਿਰੋਧ ਕਰ ਰਹੇ ਹਨ। ਅਸਲ ਵਿੱਚ ਵੱਡੇ ਪੱਧਰ ਉੱਤੇ ਸਿਆਸੀ ਹਲਕਿਆਂ ਵਿੱਚ ਇਹ ਕਿਆਸ ਲੱਗ ਰਹੇ ਸਨ ਕਿ ਯੋਗੀ ਆਦਿਤਿਆਨਾਥ ਅਯੁੱਧਿਆ ਤੋਂ ਚੋਣ ਲੜਨਗੇ, ਪਰ ਭਾਜਪਾ ਲੀਡਰਸ਼ਿਪ ਨੇ ਉਨ੍ਹਾਂ ਨੂੰ ਗੋਰਖਪੁਰ (ਸ਼ਹਿਰੀ) ਹਲਕੇ ਤੋਂ ਚੋਣ ਲੜਾਉਣ ਦਾ ਫੈਸਲਾ ਕੀਤਾ ਹੈ। ਯੋਗੀ ਆਦਿਤਿਆਨਾਥ ਨੇ ਕਿਹਾ ਕਿ ਭਾਜਪਾ ਰਾਮ ਮੰਦਰ ਦਾ ਮੁੱਦਾ ਨਹੀਂ ਛੱਡੇਗੀ ਅਤੇ ਇਹ ਉਨ੍ਹਾਂ ਦੇ ਏਜੰਡੇ ਉੱਤੇ ਰਹੇਗਾ। ਉਨ੍ਹਾਂ ਨੇ ਆਪਣੇ ਜ਼ਿੰਦਾ ਰਹਿੰਦਿਆਂ ਰਾਮ ਮੰਦਰ ਦੀ ਉਸਾਰੀ ਮੁਕੰਮਲ ਹੁੰਦਿਆਂ ਵੇਖਣ ਦੀ ਆਸ ਵੀ ਪ੍ਰਗਟਾਈ ਹੈ।

ਇਸ ਦੌਰਾਨ ਉੱਤਰ ਪ੍ਰਦੇਸ਼ ਵਿਧਾਨ ਸਭਾ ਚੋਣਾਂ ਲਈ ਮੀਰਾਂਪੁਰ ਹਲਕੇ ਤੋਂ ਭਾਜਪਾ ਉਮੀਦਵਾਰ ਵੱਲੋਂ ਇੱਕ ਚੋਣ ਮੀਟਿੰਗ ਵਿੱਚ ਭੜਕਾਊ ਭਾਸ਼ਣ ਦੇਣ ਅਤੇ ਘਰ-ਘਰ ਜਾ ਕੇ ਪ੍ਰਚਾਰ ਕਰਨ ਕਰ ਕੇ ਉਸ ਦੇ ਖਿਲਾਫ ਚੋਣ ਕਮਿਸ਼ਨ ਵੱਲੋਂ ਜਾਰੀ ਨਿਰਦੇਸ਼ਾਂ ਦੀ ਉਲੰਘਣਾ ਦੇ ਦੋਸ਼ ਹੇਠ ਕੇਸ ਦਰਜ ਕੀਤਾ ਗਿਆ ਹੈ। ਕਾਕਰੋਲੀ ਥਾਣੇ ਦੇ ਐਸ ਐਚ ਓ ਨੇ ਕਿਹਾ ਕਿ ਪ੍ਰਸ਼ਾਂਤ ਗੁੱਜਰ ਅਤੇ ਉਸ ਦੇ ਚਾਲੀ ਸਮਰਥਕਾਂ ਦੇ ਖਿਲਾਫ ਬਿਨਾਂ ਮਨਜ਼ੂਰੀ ਮੀਟਿੰਗ ਕਰਨ ਦਾ ਕੇਸ ਇਸ ਘਟਨਾ ਸਬੰਧੀ ਵਾਇਰਲ ਵੀਡੀਓ ਦੇ ਆਧਾਰ ਉੱਤੇ ਦਰਜ ਕੀਤਾ ਗਿਆ ਹੈ, ਜਿਸ ਵਿੱਚ ਗੁੱਜਰ ਤੇ ਉਸ ਦੇ ਸਮਰਥਕ ਛੋਰਾਵਾਲਾ ਪਿੰਡ ਵਿੱਚ ਲੋਕਾਂ ਨੂੰ ਵੋਟ ਪਾਉਣ ਦੇ ਲਈ ਅਪੀਲ ਕਰਦੇ ਵਿਖਾਈ ਦੇਂਦੇ ਹਨ। ਉਨ੍ਹਾਂ ਕਿਹਾ ਕਿ ਇਹ ਚੋਣ ਮੀਟਿੰਗ ਜ਼ਿਲ੍ਹਾ ਅਧਿਕਾਰੀਆਂ ਦੀ ਮਨਜ਼ੂਰੀ ਤੋਂ ਬਿਨਾਂ ਤੇ ਚੋਣ ਕਮਿਸ਼ਨ ਦੇ ਦਿਸ਼ਾ ਨਿਰਦੇਸ਼ਾਂ ਦੀ ਉਲੰਘਣਾ ਕਰ ਕੇ ਕੀਤੀ ਗਈ ਹੈ।

## ਏਅਰ ਇੰਡੀਆ ਇਸ ਹਫ਼ਤੇ ਦੇ ਅਖੀਰ ਤਕ ਟਾਟਾ ਦੀ ਹੋ ਜਾਏਗੀ

ਨਵੀਂ ਦਿੱਲੀ, 25 ਜਨਵਰੀ (ਪੋਸਟ ਬਿਊਰੋ)- ਏਅਰ ਇੰਡੀਆ ਨੂੰ ਇਸ ਹਫ਼ਤੇ ਦੇ ਅੰਤ ਤਕ ਟਾਟਾ ਗਰੁੱਪ ਨੂੰ ਸੌਂਪਿਆ ਜਾ ਸਕਦਾ ਹੈ। ਸੀਨੀਅਰ ਸਰਕਾਰੀ ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ ਹੈ।

ਭਾਰਤ ਸਰਕਾਰ ਨੇ ਇੱਕ ਮੁਕਾਬਲੇ ਵਾਲੀ ਬੋਲੀ ਪ੍ਰਕਿਰਿਆ ਰਾਹੀਂ ਪਿਛਲੇ ਸਾਲ ਅੱਠ ਅਕਤੂਬਰ ਨੂੰ ਟਾਟਾ ਸੰਨਜ਼ ਦੀ ਇੱਕ ਕੰਪਨੀ ਵੱਲੋਂ ਲਾਈ ਬੋਲੀ ਪ੍ਰਵਾਨ ਕਰਕੇ ਏਅਰ ਇੰਡੀਆ ਦੀ ਬੋਲੀ ਨੂੰ ਮਨਜ਼ੂਰੀ ਦਿੱਤੀ ਸੀ। ਏਅਰ ਇੰਡੀਆ ਨਾਲ ਉਸਦੀ ਰਿਆਇਤੀ ਜਹਾਜ਼ ਸੇਵਾ ਏਅਰ ਇੰਡੀਆ ਐਕਸਪ੍ਰੈਸ ਦੀ 100 ਫੀਸਦੀ ਹਿੱਸੇਦਾਰੀ ਦੀ ਵਿਕਰੀ ਵੀ ਹੋ ਜਾਵੇਗੀ ਅਤੇ ਉਸ ਦੀ ਗਰਾਊਂਡ ਹੈਂਡਲਿੰਗ ਕੰਪਨੀ ਏ ਆਈ ਐਸ ਏ ਟੀ ਐਸ ਦੀ 50 ਫੀਸਦੀ ਹਿੱਸੇਦਾਰੀ ਟਾਟਾ ਗਰੁੱਪ ਨੂੰ ਦਿੱਤੀ ਜਾਵੇਗੀ। ਉਸ ਵਕਤ ਸਰਕਾਰ ਨੇ ਕਿਹਾ ਸੀ ਕਿ ਇਸ ਪ੍ਰਾਪਤੀ ਨਾਲ ਜੁੜੀਆਂ ਰਸਮਾਂ ਨੂੰ ਦਸੰਬਰ ਦੇ ਅਖੀਰ ਤਕ ਪੂਰਾ ਕਰ ਲਿਆ ਜਾਏਗਾ, ਪਰ ਬਾਅਦ ਵਿੱਚ ਇਸ ਵਿੱਚ ਦੇਰੀ ਹੋ ਗਈ।ਅਧਿਕਾਰੀਆਂ ਨੇ ਕਿਹਾ ਕਿ ਇਸ ਸੌਦੇ ਨੂੰ ਲੈ ਕੇ ਬਾਕੀ ਰਸਮਾਂ ਅਗਲੇ ਕੁਝ ਦਿਨਾਂ ਵਿੱਚ ਪੂਰੀਆਂ ਹੋਣ ਦੀ ਆਸ ਹੈ ਤੇ ਇਸ ਹਫ਼ਤੇ ਦੇ ਅੰਤ ਤਕ ਹਵਾਬਾਜ਼ੀ ਕੰਪਨੀ ਨੂੰ ਟਾਟਾ ਗਰੁੱਪ ਨੂੰ ਸੌਂਪ ਦਿੱਤਾ ਜਾਵੇਗਾ। ਸਰਕਾਰ ਨੇ 25 ਅਕਤੂਬਰ ਨੂੰ 18,000 ਕਰੋੜ ਰੁਪਏ ਵਿੱਚ ਏਅਰ ਇੰਡੀਆ ਦੀ ਵਿਕਰੀ ਲਈ ਟਾਟਾ ਸੰਨਜ਼ ਨਾਲ ਖਰੀਦ ਸਮਝੌਤਾ ਕੀਤਾ ਸੀ। ਟਾਟਾ ਇਸ ਸੌਦੇ ਦੇ ਸਬੰਧ ਵਿੱਚ ਸਰਕਾਰ ਨੂੰ 2700 ਕਰੋੜ ਰੁਪਏ ਨਕਦ ਦੇਵੇਗੀ ਅਤੇ ਏਅਰਲਾਈਨ ਉੱਤੇ ਬਕਾਇਆ 15,300 ਕਰੋੜ ਰੁਪਏ ਦੇ ਕਰਜ਼ੇ ਦੀ ਦੇਣਦਾਰੀ ਵੀ ਲਵੇਗੀ। ਏਅਰ ਇੰਡੀਆ ਸਾਲ 2007-08 ਵਿੱਚ ਇੰਡੀਅਨ ਏਅਰਲਾਈਨਜ਼ ਨਾਲ ਰਲੇਵੇਂ ਤੋਂ ਬਾਅਦ ਤੋਂ ਹੀ ਲਗਾਤਾਰ ਘਾਟੇ ਵਿੱਚ ਚਲ ਰਹੀ ਸੀ। ਬੀਤੀ 31 ਅਗਸਤ ਨੂੰ ਉਸ ਉੱਤੇ ਕੁੱਲ 61,562 ਕਰੋੜ ਰੁਪਏ ਦਾ ਬਕਾਇਆ ਸੀ।

### ਇਮਰਾਨ ਵੱਲੋਂ ਵਿਰੋਧੀ ਧਿਰ ਨੂੰ ਧਮਕੀ

# ਜੇ ਅਹੁਦਾ ਛੱਡਣ ਲਈ ਮਜ਼ਬੂਰ ਕੀਤਾ ਤਾਂ ਨਤੀਜੇ ਭਿਆਨਕ ਹੋਣਗੇ

ਇਸਲਾਮਾਬਾਦ, 25 ਜਨਵਰੀ (ਪੋਸਟ ਬਿਊਰੋ)- ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਵਿਰੋਧੀ ਪਾਰਟੀਆਂ ਨੂੰ ਵੱਡੀ ਚੇਤਾਵਨੀ ਦਿੱਤੀ ਹੈ ਕਿ ਜੇ ਵਿਰੋਧੀ ਪਾਰਟੀਆਂ ਉਨ੍ਹਾਂ ਨੂੰ ਅਹੁਦਾ ਛੱਡਣ ਲਈ ਮਜ਼ਬੂਰ ਕਰਦੀਆਂ ਹਨ ਤਾਂ ਉਹ ਹੋਰ ਖ਼ਤਰਨਾਕ ਰੂਪ ਧਾਰਨ ਕਰ ਲਵੇਗਾ। ਇਸ ਦੇ ਨਾਲ ਹੀ ਇਮਰਾਨ ਖਾਨ ਨੇ ਵਿਰੋਧੀ ਧਿਰ ਨੂੰ ਕੋਈ ਰਿਆਇਤ ਦੇਣ ਤੋਂ ਇਨਕਾਰ ਕਰ ਦਿੱਤਾ। ਏਥੇ 23 ਮਾਰਚ ਨੂੰ ਪਾਕਿਸਤਾਨ ਡੈਮੋਕ੍ਰੇਟਿਕ ਮੂਵਮੈਂਟ (ਪੀ ਡੀ ਐਮ) ਵੱਲੋਂ ਯੋਜਨਾਬੱਧ ਲਾਂਗ ਮਾਰਚ ਬਾਰੇ ਪੁੱਛੇ ਗਏ ਇੱਕ ਸਵਾਲ ਉੱਤੇ ਇਮਰਾਨ ਨੇ ਕਿਹਾ ਕਿ ਇਹ ਕਦਮ ਅਸਫਲ ਰਹੇਗਾ।

ਇਮਰਾਨ ਖਾਨ ਨੇ ਕਿਹਾ ਕਿ ਜੇ ਮੈਂ ਸੜਕਾਂ ਉੱਤੇ ਨਿਕਲਾਂਗਾ ਤਾਂ ਵਿਰੋਧੀ ਪਾਰਟੀਆਂ ਨੂੰ ਲੁਕਣ ਲਈ ਜਗ੍ਹਾ ਨਹੀਂ ਮਿਲੇਗੀ। ਜੇ ਮੈਨੂੰ ਅਹੁਦਾ ਛੱਡਣ ਲਈ ਮਜ਼ਬੂਰ ਕੀਤਾ ਤਾਂ ਇਹ ਹੋਰ ਵੀ ਖ਼ਤਰਨਾਕ ਹੋਵੇਗਾ। ਇਮਰਾਨ ਖਾਨ ਨੇ ਨੈਸ਼ਨਲ ਅਸੈਂਬਲੀ ਵਿੱਚ ਵਿਰੋਧੀ ਧਿਰ ਦੇ ਨੇਤਾ



ਸ਼ਾਹਬਾਜ਼ ਸ਼ਰੀਫ ਦੀ ਵੀ ਆਲੋਚਨਾ ਕੀਤੀ ਤੇ ਉਨ੍ਹਾਂ ਨਾਲ ਕੋਈ ਗੱਲਬਾਤ ਕਰਨ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਕਿਹਾ ਸ਼ਾਹਬਾਜ਼ ਸ਼ਰੀਫ਼ ਨੂੰ ਵਿਰੋਧੀ ਧਿਰ ਦੇ ਨੇਤਾ ਵਜੋਂ ਨਾ ਮਿਲਣ ਉੱਤੇ ਮੇਰੇ ਉੱਤੇ ਸਵਾਲ ਉਠਾਏ ਜਾਂਦੇ ਹਨ, ਪਰ ਮੈਂ ਉਨ੍ਹਾਂ ਨੂੰ ਦੇਸ਼ ਦੇ ਅਪਰਾਧੀ ਵਜੋਂ ਦੇਖਦਾ ਹਾਂ। ਇਸ ਮੌਕੇ ਇਮਰਾਨ ਨੇ ਪਾਕਿਸਤਾਨ ਮੁਸਲਿਮ ਲੀਗ-ਨਵਾਜ਼ (ਪੀ ਐਮ ਐਲ ਐਨ) ਦੇ ਮੁੱਖੀ ਉੱਤੇ ਭ੍ਰਿਸ਼ਟਾਚਾਰ ਦੇ ਮਾਮਲਿਆਂ ਤੋਂ ਬਚਣ ਦਾ ਦੋਸ਼ ਲਗਾਇਆ। ਇਮਰਾਨ ਖਾਨ ਨੇ ਕਿਹਾ: ਦੇਖੋ ਪੂਰਾ ਸ਼ਰੀਫ ਪਰਵਾਰ ਲੰਡਨ ਭੱਜ ਜਾਵੇਗਾ ਜਿੱਥੇ ਨਵਾਜ਼ ਸ਼ਰੀਫ ਅਤੇ ਉਨ੍ਹਾਂ ਦੇ ਦੋ ਪੁੱਤਰ ਪਹਿਲਾਂ ਹੀ ਰਹਿ ਰਹੇ ਹਨ। ਨਵਾਜ਼ ਸ਼ਰੀਫ ਦੀ ਸੰਭਾਵੀ ਵਾਪਸੀ ਬਾਰੇ ਪੁੱਛੇ ਜਾਣ ਉੱਤੇ ਇਮਰਾਨ ਨੇ ਕਿਹਾ ਕਿ ਨਵਾਜ਼ ਨੂੰ ਵਾਪਸ ਆਉਣਾ ਚਾਹੀਦਾ ਹੈ, ਅਸੀਂ ਉਨ੍ਹਾਂ ਦੀ ਉਡੀਕ ਕਰ ਰਹੇ ਹਾਂ ਪਰ ਮੈਨੂੰ ਪਤਾ ਹੈ ਕਿ ਉਹ ਵਾਪਸ ਨਹੀਂ ਆਉਣਗੇ। ਨਵਾਜ਼ ਸ਼ਰੀਫ ਨੂੰ ਪੈਸੇ ਨਾਲ ਪਿਆਰ ਹੈ।ਇਮਰਾਨ ਨੇ ਕਿਹਾ ਕਿ ਸਾਬਕਾ ਫ਼ੌਜੀ ਸ਼ਾਸਕ ਜਨਰਲ ਪਰਵੇਜ਼ ਮੁਸ਼ੱਰਫ ਨੇ ਵਿਰੋਧੀ ਧਿਰ ਨੂੰ ਰਿਆਇਤ ਦੇ ਕੇ ਸਭ ਤੋਂ ਵੱਡਾ ਪਾਪ ਕੀਤਾ ਹੈ।ਵਿਰੋਧੀ ਧਿਰ ਸਰਕਾਰ ਨੂੰ ਬਲੈਕਮੇਲ ਕਰਨਾ ਚਾਹੁੰਦੀ ਹੈ, ਪਰ ਜੇ ਮੈਂ ਉਨ੍ਹਾਂ ਨੂੰ ਕੋਈ ਰਿਆਇਤ ਦੇਵਾਂ ਤਾਂ ਇਹ ਧੋਖਾ ਹੋਵੇਗਾ। ਇਸਦੇ ਨਾਲ ਇਮਰਾਨ ਖਾਨ ਨੇ ਦਾਅਵਾ ਕੀਤਾ ਕਿ ਉਨ੍ਹਾਂ ਦੀ ਸਰਕਾਰ ਆਪਣਾ ਕਾਰਜਕਾਲ ਪੂਰਾਂ ਕਰੇਗੀ ਅਤੇ ਅਗਲੀਆਂ ਆਮ ਚੋਣਾਂ ਵੀ ਜਿੱਤੇਗੀ।

# ਬ੍ਰੈਂਡਨ ਟੇਲਰ ਵੱਲੋਂ ਦੋਸ਼, ਭਾਰਤੀ ਵਪਾਰੀ ਨਾਲ ਕੋਕੀਨ ਪੀਣ ਤੋਂ ਬਾਅਦ ਬਲੈਕਮੇਲ ਕੀਤਾ ਗਿਆ

ਨਵੀਂ ਦਿੱਲੀ, 25 ਜਨਵਰੀ (ਪੋਸਟ ਬਿਊਰੋ)- ਜ਼ਿੰਬਾਬਵੇ ਦੇ ਸਾਬਕਾ ਕਪਤਾਨ ਬ੍ਰੈਂਡਨ ਟੇਲਰ ਨੇ ਇੱਕ ਭਾਰਤੀ ਵਪਾਰੀ ਦੇ ਨਾਲ ਮੀਟਿੰਗ ਦੌਰਾਨ 'ਮੂਰਖਤਾਪੂਰਨ' ਕੋਕੀਨ ਲੈਣ ਤੋਂ ਬਾਅਦ ਮੈਚ ਫਿਕਸਿੰਗ ਲਈ ਬਲੈਕਮੇਲ ਕੀਤੇ ਜਾਣ ਦਾ ਦੋਸ਼ ਲਗਾਉਂਦੇ ਹੋਏ ਕਿਹਾ ਕਿ ਇਸ ਮਾਮਲੇ ਦੀ ਜਾਣਕਾਰੀ ਕੌਮਾਂਤਰੀ ਕ੍ਰਿਕਟ ਕੌਂਸਲ (ਆਈ ਸੀ ਸੀ) ਨੂੰ ਸਮੇਂ ਉੱਤੇ ਨਾ ਦੇਣ ਦੇ ਕਾਰਨ ਉਸ ਉੱਤੇ ਕਈ ਸਾਲ ਦੀ ਪਾਬੰਦੀ ਲੱਗ ਸਕਦੀ ਹੈ।

ਟੇਲਰ ਨੇ ਇਹ ਗਲਤੀ ਪ੍ਰਵਾਨ ਕਰਦੇ ਹੋਏ ਸੋਸ਼ਲ ਮੀਡੀਆ ਉੱਤੇ ਜਾਰੀ ਕੀਤੀ ਪੋਸਟ ਵਿੱਚ ਦਾਅਵਾ ਕੀਤਾ ਹੈ ਕਿ ਭਾਰਤੀ ਵਪਾਰੀ ਨੇ ਉਸ ਨੂੰ ਭਾਰਤ ਵਿੱਚ 'ਸਪਾਂਸਰ' ਦਿਵਾਉਣ



ਅਤੇ ਜ਼ਿੰਬਾਬਵੇ ਵਿੱਚ ਇੱਕ ਟੀ-20 ਦੀ ਸੰਭਾਵੀ ਯੋਜਨਾ ਉੱਤੇ ਚਰਚਾ ਕਰਨ ਲਈ ਸੱਦਾ ਦਿੱਤਾ ਸੀ। ਉਸ ਨੇ ਇਸ ਵਪਾਰੀ ਦੇ ਨਾਂ ਦਾ ਖੁਲਾਸਾ ਨਹੀਂ ਕੀਤਾ, ਪਰ ਕਿਹਾ ਕਿ ਅਕਤੂਬਰ 2019 ਵਿੱਚ 15,000 ਡਾਲਰ ਦੀ ਪੇਸ਼ਕਸ਼ ਕੀਤੀ ਗਈ ਸੀ। ਟੇਲਰ ਨੇ ਕਿਹਾ ਕਿ 'ਅਸੀਂ ਇਕੱਠੇ ਸ਼ਰਾਬ ਪੀਤੀ ਅਤੇ ਸ਼ਾਮ ਦੇ ਸਮੇਂ ਉਨ੍ਹਾਂ ਨੇ ਮੈਨੂੰ ਕੋਕੀਨ ਦੀ ਪੇਸ਼ਕਸ਼ ਕੀਤੀ। ਉਹ ਖ਼ੁਦ ਵੀ ਕੋਕੀਨ ਪੀ ਰਹੇ ਸਨ। ਮੈਂ ਮੂਰਖਤਾਪੂਰਵਕ ਇਸਦੀ ਵਰਤੋਂ ਕਰ ਲਈ। ਇਸ ਤੋਂ ਬਾਅਦ ਮੈਨੂੰ ਲੱਖਾਂ ਵਾਰ ਪਛਤਾਵਾ ਹੋ ਚੁੱਕਾ ਹੈ। ਮੈਨੂੰ ਇਸ ਗੱਲ ਨੂੰ ਲੁਕੋ ਕੇ ਰੱਖਣ ਦਾ ਪਛਤਾਵਾ ਹੈ ਕਿ ਉਸ ਰਾਤ ਉਨ੍ਹਾਂ ਨੇ ਮੈਨੂੰ ਕਿਵੇਂ ਵਰਤਿਆ।' ਉਸ ਨੇ ਅੱਗੇ ਕਿਹਾ,''ਅਗਲੀ ਸਵੇਰ ਉਹ ਲੋਕ ਫਿਰ ਮੇਰੇ ਹੋਟਲ ਦੇ ਕਮਰੇ ਵਿੱਚ ਆਏ ਤੇ ਕੋਕੀਨ ਪੀਂਦੇ ਹੋਏ ਦੀ ਮੇਰੀ ਵੀਡੀਓ ਮੈਨੂੰ ਦਿਖਾਈ। ਉਨ੍ਹਾਂ ਨੇ ਕਿਹਾ ਕਿ ਮੈਂ ਉਨ੍ਹਾਂ ਲਈ ਕੌਮਾਂਤਰੀ ਮੈਚਾਂ ਵਿੱਚ ਫਿਕਸਿੰਗ ਕਰਾਂ, ਵਰਨਾ ਮੇਰੀ ਵੀਡੀਓ ਨੂੰ ਜਨਤਕ ਕਰ ਦੇਣਗੇ।''ਟੇਲਰ ਨੇ ਕਿਹਾ, 'ਮੈਨੂੰ ਆਪਣੀ ਸੁਰੱਖਿਆ ਦੀ ਚਿੰਤਾ ਸੀ। ਮੇਰੇ ਹੋਟਲ ਦੇ ਕਮਰੇ ਵਿੱਚ ਛੇ ਲੋਕ ਸਨ। ਮੈਂ ਉਨ੍ਹਾਂ ਦੀ ਚੁੰਗਲ ਵਿੱਚ ਫਸ ਗਿਆ। ਮੈਂ ਆਪਣੀ ਮਰਜ਼ੀ ਨਾਲ ਇਸ ਸਥਿਤੀ ਵਿੱਚ ਫਸਿਆ, ਜਿਸ ਨੇ ਮੇਰੀ ਜ਼ਿੰਦਗੀ ਨੂੰ ਹਮੇਸ਼ਾ ਲਈ ਬਦਲ ਦਿੱਤਾ।'

# ਇੰਦਰਾਣੀ ਮੁਖਰਜੀ ਵੱਲੋਂਆਪਣੀ ਬੇਟੀ ਦੇ ਜ਼ਿੰਦਾ ਹੋਣ ਦਾ ਦਾਅਵਾ

ਮੁੰਬਈ, 25 ਜਨਵਰੀ (ਪੋਸਟ ਬਿਊਰੋ)- ਬਹੁ-ਚਰਚਿਤ ਸ਼ੀਨਾ ਬੋਰਾ ਕੇਸ ਵਿੱਚ ਦੋਸ਼ੀ ਇੰਦਰਾਣੀ ਮੁਖਰਜੀ ਨੇ ਸੈਸ਼ਨ ਕੋਰਟ ਦਾ ਦਰਵਾਜ਼ਾ ਖੜਕਾਉਂਦੇ ਹੋਏ ਦਾਅਵਾ ਕੀਤਾ ਹੈ ਕਿ ਉਸ ਦੀ ਬੇਟੀ ਸ਼ੀਨਾ ਬੋਰਾ ਜ਼ਿੰਦਾ ਹੈ। ਉਸ ਨੇ ਕਿਹਾ ਕਿ ਸੀ ਆਈ ਡੀ ਵੱਲੋਂ ਪਿੱਛੇ ਜਿਹੇ ਗ੍ਰਿਫਤਾਰ ਕੀਤੀ ਗਈ ਮੁੰਬਈ ਕਰਾਈਮ ਬਰਾਂਚ ਦੀ ਇੰਸਪੈਕਟਰ ਪੱਧਰ ਦੀ ਇੱਕ ਅਫਸਰ ਨੇ ਇਹ ਦਾਅਵਾ ਕੀਤਾ ਹੈ। ਇੰਸਪੈਕਟਰ ਨੂੰ ਭ੍ਰਿਸ਼ਟਾਚਾਰ ਦੇ ਇੱਕ ਮਾਮਲੇ ਵਿੱਚ ਗ੍ਰਿਫਤਾਰ ਕੀਤਾ ਗਿਆ ਹੈ, ਜਿਸ ਵਿੱਚ ਮੁੰਬਈ ਪੁਲਸ ਦੇ ਸਾਬਕਾ ਕਮਿਸ਼ਨਰ ਪਰਮਬੀਰ ਸਿੰਘ ਵੀ ਦੋਸ਼ੀ ਹਨ।

ਪੱਤਰਕਾਰ ਰਹਿ ਚੁੱਕੀ ਇੰਦਰਾਣੀ ਮੁਖਰਜੀ ਨੇ ਬੀਤੇ ਦਸੰਬਰ ਵਿੱਚ ਸੀ ਬੀ ਆਈ ਦੇ ਮੁਖੀ ਸੁਬੋਧ ਜੈਸਵਾਲ ਨੂੰ ਲਿਖੇ ਪੱਤਰ ਵਿੱਚ ਕਿਹਾ



ਸੀ ਕਿ ਭਾਏਖਲਾ ਜੇਲ੍ਹ ਵਿੱਚ ਬੰਦ ਇੱਕ ਕੈਦੀ ਨੇ ਦਾਅਵਾ ਕੀਤਾ ਹੈ ਕਿ ਸ਼ੀਨਾ ਬੋਰਾ ਜ਼ਿੰਦਾ ਹੈ ਤੇ ਕਸ਼ਮੀਰ ਵਿੱਚ ਹੈ। ਇਹ ਹਫਤੇ ਇੰਦਰਾਣੀ ਨੇ ਸੈਸ਼ਨ ਕੋਰਟ ਨੂੰ ਪੱਤਰ ਲਿਖ ਕੇ ਇਸ ਬਾਰੇ ਵਿਸਥਾਰਤ ਜਾਣਕਾਰੀ ਦਿੱਤੀ ਅਤੇ ਦਾਅਵਾ ਕੀਤਾ ਹੈ ਕਿ ਉਸ ਦੇ ਨਾਲ ਜੇਲ੍ਹ ਵਿੱਚ ਬੰਦ ਇੰਸਪੈਕਟਰ ਆਸ਼ਾ ਕੋਰਕੇ ਨੇ ਉਸ ਨੂੰ ਕਿਹਾ ਸੀ ਕਿ ਉਨ੍ਹਾਂ ਨੇ 24 ਜੂਨ 2021 ਨੂੰ ਡੱਲ ਝੀਲ ਦੇ ਨੇੜੇ ਸ਼ੀਨਾ ਬੋਰਾ ਨੂੰ ਦੇਖਿਆ ਸੀ। ਉਸ ਨੇ ਕਿਹਾ ਕਿ ਕੋਰਕੇ ਨੇ 25 ਨਵੰਬਰ 2021 ਨੂੰ ਸਵੇਰੇ ਸੱਤ ਵਜੇ ਉਸ ਨਾਲ ਸੰਪਰਕ ਕੀਤਾ ਅਤੇ ਕਿਹਾ ਕਿ ਉਹ ਕੁਝ ਅਹਿਮ ਜਾਣਕਾਰੀ ਦੇਣਾ ਚਾਹੁੰਦੇ ਹਨ। ਅਰਜ਼ੀ ਵਿੱਚ ਇੰਦਰਾਣੀ ਨੇ ਕਿਹਾ ਹੈ ਕਿ ਕੋਰਕੇ ਨੇ ਦੱਸਿਆ ਕਿ ਉਹ ਜੰਮੂ ਕਸ਼ਮੀਰ ਵਿੱਚ ਛੁੱਟੀਆਂ ਬਿਤਾਉਣ ਗਏ ਤਾਂ ਉਨ੍ਹਾਂ ਨੇ ਸ਼ੀਨਾ ਬੋਰਾ ਨੂੰ ਡੱਲ ਝੀਲ ਉੱਤੇ ਖੜ੍ਹੀ ਦੇਖਿਆ ਸੀ। ਉਨ੍ਹਾਂ ਨੂੰ ਉਸ ਦਾ ਚਿਹਰਾ ਜਾਣਿਆ ਪਛਾਣਿਆ ਲੱਗਾ। ਦਿਮਾਗ ਉੱਤੇ ਜ਼ੋਰ ਦੇਣ ਉੱਤੇ ਉਨ੍ਹਾਂ ਨੇ ਸ਼ੀਨਾ ਨੂੰ ਪਛਾਣ ਲਿਆ। ਉਨ੍ਹਾਂ ਨੇ ਜਦੋਂ ਸ਼ੀਨਾ ਨੂੰ ਉਸ ਦੇ ਨਾਂਅ ਨਾਲ ਬੁਲਾਇਆ ਤਾਂ ਉਸ ਨੇ ਹਾਂ ਵਿੱਚ ਜਵਾਬ ਦਿੱਤਾ। ਇਸ ਉੱਤੇ ਸ਼ੀਨਾ ਨੇ ਕਿਹਾ ਕਿ ਉਹ ਆਪਣੀ ਨਵੀਂ ਜ਼ਿੰਦਗੀ ਵਿੱਚ ਅੱਗੇ ਵਧ ਚੁੱਕੀ ਹੈ ਤੇ ਪਿਛਲੀ ਜ਼ਿੰਦਗੀ ਵਿੱਚ ਨਹੀਂ ਪਰਤਣਾ ਚਾਹੁੰਦੀ। ਇਸ ਤੋਂ ਬਾਅਦ ਇੱਕ ਵਿਦੇਸ਼ੀ ਨੌਜਵਾਨ ਮੋਟਰ ਸਾਈਕਲ ਉੱਤੇ ਆਇਆ ਤੇ ਸ਼ੀਨਾ ਉਸ ਦੇ ਨਾਲ ਚਲੀ ਗਈ ਸੀ।



# ਕੀ ਤੁਸੀਂ ਕਰਜ਼ੇ ਵਿੱਚ ਹੋ?

ਕੀ ਤੁਸੀਂ ਕਲੈਕਸ਼ਨ ਕਾਲ ਤੋਂ ਅੱਕ ਚੁੱਕੇ ਹੋ?



BOOK YOUR FREE CONSULTATION

ਹੁਣ ਘਬਰਾਉਣ ਦੀ ਜ਼ਰੁਰਤ ਨਹੀਂ
ਹੁਣ ਗੋਮਾ ਸੰਧੂ ਕਰਣਗੇ ਤੁਹਾਡੇ ਕਰੈਡਿਟ ਕਾਰਡ, ਲੋਨ ਤੇ ਟੈਕਸ ਦੇ ਕਰਜ਼ੇ ਦਾ ਹੱਲ ਤੇ ਤੁਹਾਡੇ ਕਰਜ਼ੇ ਦਾ ਲਗਭਗ 75% ਘਟਾਉਣ ਵਿੱਚ ਮਦਦ ਕਰਣਗੇ



ਜੇਕਰ ਤੁਸੀਂ ਸੂ ਹੋ ਚੁੱਕੇ ਹੋ ਤੇ ਤੁਸੀਂ ਘਰ ਤੇ ਲੀਨ ਪੈਣ ,ਵੇਜ ਗਾਰਨੀਸ਼ਮੈਂਟ ਅਤੇ ਬੈਂਕ ਅਕਾਊਂਟ ਨੂੰ ਫ੍ਰੀਜ਼ ਹੋਣ ਤੋਂ ਬਚਾਉਣਾ ਚਾਉਂਦੇ ਹੋ ,ਅਤੇ ਤੁਸੀਂ ਆਪਣੀ ਕਾਰ ਤੇ ਟਰੱਕ ਦੀ ਕਿਸ਼ਤ ਨਹੀਂ ਦਿੱਤੀ ਤੇ ਤੁਹਾਡਾ ਐਸੇਟ ਸਰਨਡਰ ਹੋ ਗਿਆ ਹੈ ਤਾ
ਹੁਣ ਹੀ ਮੁਫਤ ਸਲਾਹ ਲਈ ਕਾਲ ਕਰੋ ਗੋਮਾ ਸੰਧੂ 4167316382

- -Collection Calls
- -Personal Taxes
- -GST/HST

- -Credit Card Debts
- -Personal Loans
- -Pay Day Loans
- -Student Loans

- -Wage Garnishment
- -Writ on your property
- -Frozen Bank Accounts

CONTACT US:
Goma Sandhu
(416)-731-6382
gomasandhu@hotmail.com

WE HELP...
- -Save your Assets
- -Avoid Bankruptcy
- -Small monthly payments
- -Rebuild your credit

YOUR DEBT $ MY SOLUTION



Other Realtors only Promise
But JAG AUJLA SOLD YOUR HOME WITH
GUARANTEE

Advertisement GUARANTEED Till SOLD


# JAG AUJLA
REAL ESTATE BROKER
DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage (Independently Owned and Operated) Off: 905-456-3232
www.BramptonTopRelator.com

Top 1% Broker
Call For a Quick & Free Home Evaluation
www.BramptonQuickHomeEvaluation.com

**2016,2015,2014,2013 2012,2011,2010 **(2009,2008) **(2010) **(2014)

ਘਰਾਂ ਦੀਆਂ ਨਵੀਆਂ ਲਿਸਟਿੰਗਾਂ (Listings) ਦੀ ਬਹੁਤ ਲੋੜ ਹੈ

CALEDON




ਕੈਨੇਡੀ / ਦੂੱਗਲ

ਬਰੈਂਡ ਨੀਊ ਘਰ ਸੈਲ ਲਈ ਉਪਲਬੱਧ ਹੈ। ਲਗਭਗ 2800 ਸੁਕੇਅਰ ਫੁੱਟ ਏਰੀਆ ਅਤੇ 42 ਫੀਟ ਵਾਈਡ ਕਾਰਨਰ ਲਾਟ ਹੈ ਜਿਸ ਵਿੱਚ 4 ਬੈਂਡਰੂਮ ਅਤੇ 4 ਵਾਸ਼ਰੂਮ ਹਨ। ਮੇਨ ਫਲੋਰ 10 ਫੁੱਟ ਸਿਲਿੰਗ। ਡਾਈਨਿੰਗ ਰੂਮ ਉਪਰ ਨੂੰ ਖੁੱਲਾ ਹੈ ਅਤੇ 19 ਫੁੱਟ ਹਾਈ ਸਿਲਿੰਗ ਹੈ। ਹਾਰਡਵੂਡ ਫਲੋਰ, ਓਕ ਸਟਰੇਅਰਜ਼। ਅਪਗ੍ਰੇਡੇਡ ਕਿਚਨ ਅਤੇ ਕੁਆਰਟਜ਼ ਕਾਉਂਟਰ ਟਾਪ। ਮੈਨ ਫਲੋਰ ਲਾਂਡਰੀ ਹੈ।
ਵਧੇਰੀ ਜਾਣਕਾਰੀ ਲਈ ਜੇਗ ਔਜਲਾ ਨਾਲ 416-371-7777 ਤੇ ਸੰਪਰਕ ਕਰ ਸਕਦੇ ਹੋ।

BRAMPTON



Queen St / West Drive $514,905

12 laurelcrest St. 411
Queen St./West Drive

ਕੁਈਨ ਸਟਰੀਟ ਤੇ ਵੈਸਟ ਡਰਾਈਵ ਉਤੇ ਬਹੁਤ ਹੀ ਸੋਹਣਾ ਕੋਂਡੋ ਆਰਟਮੈਂਟ। 24 ਘੰਟੇ ਸਿਕਿਓਰਿਟੀ ਦੇ ਨਾਲ ਫੁਲੀ ਰੈਨੋਵੇਟਡ ਘਰ। ਜਿਸ ਵਿਚ ਮਾਸਟਰ ਬੈਡਰੂਮ, 4 ਪੀਸੀ ਵਾਸ਼ਰੂਮ ਇਨਸੂਟ ਹਨ। ਇਹ ਘਰ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ ਹਾਈਵੇ 410 ਦੇ ਨੇੜੇ ਹੈ।

BRAMPTON




$ 1,199,905 Bramlea Rd./Bovaird Dr.

2600 ਸਕੇਅਰ ਫੁੱਟ ਦਾ 45 ਫੁੱਟ ਦੀ ਲਾਟ ਦਾ ਡੀਟੈਚਡ ਘਰ, ਡਬਲ ਡੋਰ ਐਂਟਰੀ, 4 ਬੈਂਡਰੂਮ, 3 ਬੈਂਡਰੂਮ ਦੀ ਫਿਨਿਸ਼ਡ ਬੇਸਮੈਂਟ ਸੈਪਰੇਟ ਐਂਟਰੈਂਸ ਨਾਲ, 2 ਲਾਂਡਰੀ, ਅਪਗ੍ਰੇਡਡ ਕਿਚਨ, ਅਪਗ੍ਰੇਡਡ ਰੂਫ ਅਤੇ ਵੁੱਡ ਫਲੋਰ ਤੇ ਹੋਰ ਸਾਰੀਆਂ ਸਹੂਲਤਾਂ ਦੇ ਨਜ਼ਦੀਕ।
ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 416-371-7777

BRAMPTON



24 Youngstar Tr
Hwy 50/Cottrelle

2+1 ਬੈਡਰੂਮ, 3 ਵਾਸ਼ਰੂਮ ਦਾ ਬਹੁਤ ਹੀ ਵਧੀਆ ਘਰ। ਜਿਸ ਵਿਚ ਫਿਨਿਸ਼ਡ ਵਾਕ ਆਊਟ, ਬੇਸਮੈਂਟ, ਡਬਲ ਡੋਰ ਐਂਟਰੀ, ਹਾਰਡਵੁੱਡ ਫਲੋਰ, 2 ਫਰਿਜ, 2 ਡਰਾਇਰ, 2 ਸਟੋਵ, 2 ਵਾਸ਼ਰ ਹਾਈਵੇ ਹਨ। ਇਹ ਘਰ ਹਾਈਵੇ 50, 427, 407 ਦੇ ਨੇੜੇ ਸਥਿਤ ਹੈ ਤੇ ਨਾਲ ਹੋਰ ਵੀ ਬਹੁਤ ਸਾਰੀਆਂ ਸਹੂਲਤਾਂ ਹਨ। ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:
416-371-7777

BRAMPTON




34 Winterfold Dr

CREDITVIEW & BOVAIRD
(MOUNT PLEASANT)
ਖੁੱਲ੍ਹਾ ਅਤੇ ਸ਼ਾਨਦਾਰ 2 ਮੇਨ ਐਂਟਰੈਂਸ ਵਾਲਾ ਘਰ, ਡਬਲ ਕਾਰ ਗਰਾਜ, ਓਪਨ ਕੰਸੈਪਟ ਕਿਚਨ ਬੈਕਸਪਲੈਸ ਦੇ ਨਾਲ, ਖੁੱਲ੍ਹਾ ਮਾਸਟਰ ਬੈਂਡਰੂਮ ਇਨਸੂਟ ਵਾਸ਼ਰੂਮ ਅਤੇ ਵਾਕਇਨ ਕਲਾਜ਼ਿਟ ਦੇ ਨਾਲ। 2 ਬੈਂਡਰੂਮ ਦੀ ਫਿਨਿਸ਼ਡ ਬੇਸਮੈਂਟ, ਖੁੱਲ੍ਹਾ ਡੁੱਲ੍ਹਾ ਬੈਕਯਾਰਡ। ਘਰ 2 ਵੱਖ-ਵੱਖ ਪਰਿਵਾਰਾਂ ਨੂੰ ਕਿਰਾਏ ਉਤੇ ਦਿੱਤਾ ਜਾ ਸਕਦਾ ਹੈ।




Orangeville Ontario L9W3X5

Orangeville Dufferin ਦੇ ਏਰੀਆ ਵਿਚ 5780 ਸਕੇਅਰ ਫੁਟ ਦਾ ਆਟੋ ਬਾਡੀ ਸ਼ਾਪ 1 ਏਕੜ ਦੀ ਜਗ੍ਹਾ, 3 ਗਰਾਜ ਡੋਰ 15 ਫੁੱਟ ਉਚਾਈ, 4 ਵਾਸ਼ਰੂਮ, 100 + ਕਾਰ ਪਾਰਕਿੰਗ, ਅਗਲੇ ਹਿੱਸੇ ਵਿਚ ਆਟੋ ਬਾਡੀ, ਕਾਰ ਰਿਪੇਅਰ ਅਤੇ ਬੈਕ ਸਾਈਡ ਉਤੇ ਕੋਈ ਹੋਰ ਬਿਜਨਸ ਚੱਲ ਰਿਹਾ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ 416-371-7777




FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

**SERVING FROM ALL LOCATIONS IN GTA AREA:**

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017